# ਬਾਬਾ ਬੰਦਾ ਸਿੰਘ ਬਹਾਦੁਰ ਜੀ (ਕੇਸਰ ਸਿੰਘ ਛਿੱਬਰ ਦੀ ਨਜ਼ਰ ਤੋਂ)

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਭਾਈ ਕੇਸਰ ਸਿੰਘ ਛਿੱਬਰ ਨੇ ਸੰਨ ੧੭੬੯ ਈਸਵੀ ਵਿੱਚ ਲਿੱਖੀ ਆਪਣੀ ਪ੍ਰਸਿੱਧ ਪੁਸਤਕ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੇ ਜੀਵਨ ਬਾਰੇ ਵੀ ਲਿੱਖਿਆ ਹੈ। ਖ਼ਾਸ ਕਰ ਕੇ ਇਸ ਪੁਸਤਕ ਦਾ ਗਿਆਰ੍ਹਵਾਂ ਚਰਣ ਬਾਬਾ ਬੰਦਾ ਸਿੰਘ ਜੀ ਬਾਰੇ ਹੀ ਜਾਣਕਾਰੀ ਦਿੰਦਾ ਹੈ, ਹਾਲਾਂਕਿ ਹੋਰਨਾਂ ਚਰਣਾਂ ਵਿੱਚ ਵੀ ਬਾਬਾ ਜੀ ਦਾ ਜ਼ਿਕਰ ਆ ਜਾਂਦਾ ਹੈ।

ਹੱਥਲੇ ਲੇਖ ਦਾ ਮਕਸਦ ਕੇਸਰ ਸਿੰਘ ਛਿੱਬਰ ਵੱਲੋਂ ਬਾਬਾ ਬੰਦਾ ਸਿੰਘ ਬਹਾਦੁਰ ਜੀ ਬਾਰੇ ਦਿੱਤੇ ਵਿਵਰਣ ਦੀ ਵਿਆਖਿਆ ਕਰਨਾ ਹੈ।

## ਬਾਬਾ ਜੀ ਦਾ ਪਿਛੋਕੜ

ਬਹੁਤ ਸਾਰੇ ਲੇਖਕਾਂ ਨੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੀ ਜੀਵਨੀ ਲਿਖੀ ਹੈ, ਪਰ ਗੁਰੂ ਜੀ ਦਾ ਸਿੱਖ ਬਣਨ ਤੋਂ ਪਹਿਲਾਂ ਦੇ ਉਨ੍ਹਾਂ ਦੇ ਜੀਵਨ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਸਿੱਖ ਲੇਖਕਾਂ ਵਿੱਚ ਕੇਸਰ ਸਿੰਘ ਛਿੱਬਰ ਸ਼ਾਇਦ ਅਜਿਹਾ ਪਹਿਲਾ ਵਿਅਕਤੀ ਹੈ, ਜੋ ਬਾਬਾ ਬੰਦਾ ਸਿੰਘ ਜੀ ਦੇ ਪਿਛੋਕੜ ਬਾਰੇ ਕੁੱਝ ਜਾਣਕਾਰੀ ਦਿੰਦਾ ਹੈ।

ਕੇਸਰ ਸਿੰਘ ਦਾ ਕਹਿਣਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਪੂਰਬ ਦੇਸ਼ ਤੋਂ ਇੱਥੇ (ਭਾਵ, ਪੰਜਾਬ ਵਿੱਚ) ਆਏ। ਕੇਸਰ ਸਿੰਘ ਨੇ ਪਰੋਜਾ ਸ਼ਹਿਰ ਦਾ ਜ਼ਿਕਰ ਕਰਦਿਆਂ ਲਿੱਖਿਆ ਹੈ ਕਿ ਬਾਬਾ ਜੀ ਉੱਥੇ ਸੰਨਿਆਸੀ ਦੇ ਰੂਪ ਵਿੱਚ ਅੱਸੀ ਸਾਲ ਰਹੇ।

ਕੇਸਰ ਸਿੰਘ ਛਿੱਬਰ ਅਨੁਸਾਰ ਬਾਬਾ ਜੀ ਫਿਰ ਦੱਖਣ ਵੱਲ ਹਰੀਪੁਰ ਨਾਂ ਦੇ ਪਿੰਡ ਵਿੱਚ ਸੱਠ ਵਰ੍ਹੇ ਰਹੇ। ਉਹ ਇਹ ਵੀ ਕਹਿੰਦਾ ਹੈ ਕਿ ਉਸ ਸਮੇਂ ਬਾਬਾ ਜੀ ਦਾ ਨਾਮ ਰਾਮਦਾਸ ਸੀ। ਫਿਰ ਉਹ ਤੂਰਾਂ ਤੇ ਚੌਹਾਨਾਂ ਦੇ ਦੇਸ਼ ਵਿੱਚ ਆ ਗਏ। ਇਸ ਸਮੇਂ ਬਾਬਾ ਜੀ ਦਾ ਨਾਮ ਲਛਮਣਦਾਸ ਸੀ ਤੇ ਉਹ ਬੈਰਾਗੀ ਸਾਧੂ ਦੇ ਭੇਸ ਵਿੱਚ ਸਨ।

ਕੇਸਰ ਸਿੰਘ ਛਿੱਬਰ ਦੀ ਇਸ ਗੱਲ ਦਾ ਕਤਈ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੀ ਇੰਨੀ ਲੰਮੀ ਉਮਰ ਸੀ। ਕੇਸਰ ਸਿੰਘ ਛਿੱਬਰ ਦੀ ਇਸ ਗੱਲ ਦੀ ਪੁਸ਼ਟੀ ਕਿਸੇ ਵੀ ਹੋਰ ਸਰੋਤ ਤੋਂ ਕਰਨੀ ਸੰਭਵ ਨਹੀਂ।

ਪੁਸਤਕ 'ਬ੍ਰਾਹਮਣ ਸਿੱਖ ਇਤਿਹਾਸ' ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਜੀ ਦਾ ਜਨਮ ੧੬ ਅਕਤੂਬਰ, ੧੬੭੦ ਈਸਵੀ ਨੂੰ ਹੋਇਆ ਲਿੱਖਿਆ ਹੈ। ਸਾਨੂੰ ਵੀ ਇਹ ਮੰਨਣ ਵਿੱਚ ਕੋਈ ਸੰਕੋਚ ਨਹੀਂ ਮਹਿਸੂਸ ਹੁੰਦਾ ਕਿ ਬਾਬਾ ਜੀ ਦਾ ਜਨਮ ਇਸੇ ਸਾਲ, ਜਾਂ ਇਸ ਤੋਂ ਇੱਕ-ਦੋ ਸਾਲ ਪਹਿਲਾਂ ਜਾਂ ਮਗਰੋਂ ਹੋਇਆ ਹੋਏਗਾ। ਕਿਸੀ ਵੀ ਸਥਿਤੀ ਵਿੱਚ ਇਹ ਨਹੀਂ ਮੰਨਿਆ ਜਾ ਸਕਦਾ ਕਿ ਬਾਬਾ ਜੀ ਅੱਸੀ ਸਾਲ ਪਰੋਜਾ ਸ਼ਹਿਰ ਤੇ ਸੱਠ ਸਾਲ ਹਰੀਪੁਰ ਪਿੰਡ ਵਿੱਚ ਰਹਿਣ ਤੋਂ ਮਗਰੋਂ ਚੌਹਾਨਾਂ ਦੇ ਇਲਾਕੇ ਵਿੱਚ ਰਹਿਣ

ਲੱਗੇ । ਇਸ ਹਿਸਾਬ ਨਾਲ ਤਾਂ ਸਿੰਘ ਸਜਣ ਵੇਲੇ ਬਾਬਾ ਜੀ ਦੀ ਉਮਰ ੧੪੦ ਸਾਲ ਤੋਂ ਵੀ ਵਧੇਰੇ ਹੋ ਜਾਂਦੀ ਹੈ, ਜੋ ਮੰਨਿਆ ਨਹੀਂ ਜਾ ਸਕਦਾ । ਕੇਸਰ ਸਿੰਘ ਛਿੱਬਰ ਤਾਂ ਬਾਬਾ ਜੀ ਦੀ ਉਮਰ ਬੇਅੰਤ ਮੰਨਦਾ ਹੈ : -

> ਬੰਦੇ ਸਾਹਿਬ ਦੀ ਉਮਰ ਬੇਅੰਤੁ, ਕੁਛ ਖ਼ਬਰ ਨ ਪਾਈ ।
> (ਚਉਧਵਾਂ ਚਰਣ)

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਕਸ਼ਮੀਰ ਵਿੱਚ ਪੈਦਾ ਹੋਏ । 'ਸਰਦਾਰ ਬਹਾਦੁਰ' ਕਾਨ੍ਹ ਸਿੰਘ ਨਾਭਾ ਨੇ ਆਪਣੇ 'ਮਹਾਨ ਕੋਸ਼' ਵਿੱਚ ਲਿਖਿਆ ਹੈ ਕਿ ਬਾਬਾ ਜੀ ਦਾ ਜਨਮ ਕਸ਼ਮੀਰ ਦੇ ਰਾਜੌਰੀ ਵਿਖੇ ਹੋਇਆ । ਪੁਸਤਕ 'ਬ੍ਰਾਹਮਣ ਸਿੱਖ ਇਤਿਹਾਸ' ਅਨੁਸਾਰ ਬਾਬਾ ਜੀ ਦਾ ਜਨਮ ਪੁਣਛ ਦੀ 'ਟੁਪਲਾ' ਨਾਮੀ ਬਸਤੀ ਵਿੱਚ ਹੋਇਆ । ਇਸ ਪੁਸਤਕ ਮੁਤਾਬਿਕ ਰਾਜੌਰੀ ਬਾਬਾ ਬੰਦਾ ਸਿੰਘ ਬਹਾਦੁਰ ਜੀ ਦਾ ਨਾਨਕਾ ਪਿੰਡ ਸੀ ।

'ਮਹਾਨ ਕੋਸ਼' ਅਨੁਸਾਰ ਬਾਬਾ ਜੀ ਰਾਜਪੂਤ ਪਿਛੋਕੜ ਤੋਂ ਸਨ । ਗਿਆਨੀ ਗਿਆਨ ਸਿੰਘ ਨੇ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਵੀ ਬਾਬਾ ਜੀ ਨੂੰ ਰਾਜਪੂਤ ਪਿਛੋਕੜ ਤੋਂ ਹੀ ਦੱਸਿਆ ਹੈ । ਦੋਹਾਂ ਨੇ ਹੀ ਬਾਬਾ ਜੀ ਦੇ ਪਿਤਾ ਦਾ ਨਾਮ ਰਾਮਦੇਵ ਲਿੱਖਿਆ ਹੈ । ਅਜਿਹਾ ਵੀ ਪੜ੍ਹਨ ਨੂੰ ਮਿਲਦਾ ਹੈ ਕਿ ਬਾਬਾ ਬੰਦਾ ਸਿੰਘ ਜੀ 'ਛਿੱਬਰ ਬ੍ਰਾਹਮਣ' ਪਿਛੋਕੜ ਤੋਂ ਸਨ । ਪੁਸਤਕ 'ਬ੍ਰਾਹਮਣ ਸਿੱਖ ਇਤਿਹਾਸ' ਅਨੁਸਾਰ ਬਾਬਾ ਜੀ ਦੇ ਪਿਤਾ ਦਾ ਨਾਮ ਪੰਡਿਤ ਰਾਮਦੇਵ ਜੀ ਸੀ । ਇਸ ਪੁਸਤਕ ਅਨੁਸਾਰ ਉਹ ਸਾਸਨ ਬ੍ਰਾਹਮਣ ਸਨ । 'ਸਾਸਨ' ਬ੍ਰਾਹਮਣਾਂ ਦੀ ਇੱਕ ਪ੍ਰਸਿੱਧ ਸ਼ਾਖਾ ਹੈ, ਜੋ ਭਾਰਦਵਾਜ ਗੋਤ੍ਰ ਨਾਲ ਸੰਬੰਧਿਤ ਹੈ ।

ਬਾਬਾ ਬੰਦਾ ਸਿੰਘ ਬਹਾਦੁਰ ਜੀ ਦੇ ਬੱਚਪਨ ਦਾ ਨਾਮ ਲੱਛਮਣਦੇਵ (ਜਾਂ ਲੱਛਮਣ ਦਾਸ) ਸੀ । ਪੁਸਤਕ 'ਬ੍ਰਾਹਮਣ ਸਿੱਖ ਇਤਿਹਾਸ' ਅਨੁਸਾਰ ਬਾਬਾ ਜੀ ਨੇ ਬੱਚਪਨ ਵਿੱਚ ਕੁੱਝ ਸਮਾਂ ਆਪਣੇ ਨਾਨਕੇ ਪਿੰਡ ਰਾਜੌਰੀ ਵਿਖੇ ਆਪਣੇ ਮਮੇਰੇ ਭਰਾ ਭਾਈ ਵਸਾਵਾ ਸੂਦਨ ਨਾਲ ਬਿਤਾਇਆ । ਪੁਸਤਕ ਵਿੱਚ ਦੱਸੇ ਇਸ ਤੱਥ ਤੋਂ ਜਾਪਦਾ ਹੈ ਕਿ ਰਾਜੌਰੀ ਵਿੱਚ ਕੁੱਝ ਸਮਾਂ ਬੀਤਾਉਣ ਕਾਰਣ ਹੀ ਸ਼ਾਇਦ ਕੁੱਝ ਲੋਕਾਂ ਨੂੰ ਇਹ ਭੁਲੇਖਾ ਲੱਗਾ ਕਿ ਉਨ੍ਹਾਂ ਦਾ ਜਨਮ ਹੀ ਰਾਜੌਰੀ ਵਿਖੇ ਹੋਇਆ ।

ਭਾਵੇਂ ਕੇਸਰ ਸਿੰਘ ਛਿੱਬਰ ਨੇ ਬਾਬਾ ਜੀ ਦਾ ਪਹਿਲਾਂ ਸਾਧੂ ਹੋਣਾ ਲਿੱਖਿਆ ਹੈ, ਪਰ ਪਰਿਵਾਰਿਕ ਪਿਛੋਕੜ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ । ਇਕ ਦਿਨ ਸ਼ਿਕਾਰ ਕਰਦਿਆਂ ਲਛਮਨ ਦਾਸ (ਬਾਬਾ ਬੰਦਾ ਸਿੰਘ ਜੀ) ਨੇ ਇੱਕ ਗਰਭਵਤੀ ਹਿਰਨੀ ਨੂੰ ਤੀਰ ਮਾਰ ਦਿੱਤਾ । ਪੁਸਤਕ 'ਬ੍ਰਾਹਮਣ ਸਿੱਖ ਇਤਿਹਾਸ' ਅਨੁਸਾਰ: -

> ਇਕ ਦਿਨ ਲਛਮਨ ਦਾਸ ਦੀ ਕਮਾਨੋਂ ਨਿਕਲੇ ਇਕ ਤੀਰ ਨੇ ਗਰਭਿਕ ਹਿਰਨੀ ਦੇ ਪੇਟ ਨੂੰ ਜਾ ਵਿੰਨ੍ਹਿਆ, ਜਿਸ ਵਿਚੋਂ ਦੋ ਬੱਚੇ ਧਰਤੀ ਤੇ ਆ ਡਿੱਗੇ ਤੇ ਤੜਪ-ਤੜਪ ਕੇ ਦਮ ਤੋੜ ਗਏ । ਦੂਜੇ ਪਾਸੇ ਫਟੜ ਮਾਂ ਵੀ ਕਦੀ ਆਪਣੇ ਮੁਰਦਾ ਬੱਚਿਆਂ ਨੂੰ ਮਮਤਾ ਦੀ ਵਿਆਕੁਲਤਾ ਪੂਰਨ ਨਜ਼ਰ ਅਥਵਾ ਰਹਿਮ ਤੇ ਤਰਸ ਮੰਗਦੀਆਂ ਅੱਖਾਂ ਨਾਲ ਦੇਖਦੀ ਤੇ ਕਦੀ ਨਿਰਦਈ ਸ਼ਿਕਾਰੀ ਨੂੰ ਘੂਰਦੀ ਹੋਈ ਖ਼ਤਮ ਹੋ ਗਈ । ਬ੍ਰਾਹਮਣ ਜਾਇਆ ਹਿਰਦਾ ਇਸ ਦੁਰਘਟਨਾ ਨੂੰ ਵੇਖ ਕੰਬ ਉਠਿਆ ।

ਕੇਸਰ ਸਿੰਘ ਛਿੱਬਰ ਨੇ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ ।

ਵੈਰਾਗ ਵਿੱਚ ਆਏ ਲੱਛਮਣ ਦਾਸ ਨੇ ਰਾਜੌਰੀ ਦੇ ਪੰਡਿਤ ਜਾਨਕੀ ਦਾਸ ਨੂੰ ਗੁਰੂ ਧਾਰਣ ਕਰ ਲਿਆ ਤੇ ਇੰਝ ਉਸਦਾ ਸਾਧੂ ਰੂਪ ਵਾਲਾ ਜੀਵਨ ਸ਼ੁਰੂ ਹੋਇਆ। ਲੱਛਮਣ ਦਾਸ ਨੂੰ ਸਾਧੂ ਬਣਾ ਕੇ ਪੰਡਿਤ ਜਾਨਕੀ ਦਾਸ ਨੇ ਉਸ ਦਾ ਨਵਾਂ ਨਾਮ ਮਾਧੋ ਦਾਸ ਰੱਖ ਦਿੱਤਾ। ਇਸੇ ਨਾਮ ਨਾਲ ਹੁਣ ਇਸ ਵੈਰਾਗੀ ਸੁਭਾਅ ਵਾਲੇ ਵਿਅਕਤੀ ਨੇ ਪ੍ਰਸਿੱਧ ਹੋਣਾ ਸੀ।

ਆਪਣੇ ਗੁਰੂ ਨਾਲ ਮਾਧੋ ਦਾਸ ਇੱਕ ਵੇਰ ਕਸੂਰ ਨੇੜੇ ਇੱਕ ਡੇਰੇ ਵਿੱਚ ਮਹਾਤਮਾ ਰਾਮਦਾਸ ਜੀ ਨੂੰ ਮਿਲਣ ਆਇਆ ਤੇ ਫਿਰ ਇੱਥੇ ਹੀ ਰਹਿ ਪਿਆ। ਗਿਆਨੀ ਗਿਆਨ ਸਿੰਘ ਰਚਿਤ 'ਤਵਾਰੀਖ਼ ਗੁਰੂ ਖ਼ਾਲਸਾ' ਅਨੁਸਾਰ ਇਥੇ ਉਸ ਦਾ ਨਾਮ ਨਰੈਣਦਾਸ ਰੱਖਿਆ ਗਿਆ। ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਬਾਬਾ ਬੰਦਾ ਸਿੰਘ ਜੀ ਦਾ ਪਹਿਲਾ ਨਾਮ ਨਰਾਇਣਦਾਸ ਹੀ ਲਿੱਖਿਆ ਹੈ।

ਗਿਆਨੀ ਗਿਆਨ ਸਿੰਘ ਅਨੁਸਾਰ ਰਾਮਦਾਸ ਮਾਧੋਦਾਸ (ਬਾਬਾ ਬੰਦਾ ਸਿੰਘ ਬਹਾਦੁਰ) ਦੇ ਦੂਸਰੇ ਗੁਰੂ ਦਾ ਨਾਮ ਸੀ, ਪਰ ਕੇਸਰ ਸਿੰਘ ਛਿੱਬਰ ਨੇ ਲਿੱਖਿਆ ਹੈ ਕਿ ਹਰੀਪੁਰ ਪਿੰਡ ਵਿੱਚ ਰਹਿਣ ਸਮੇਂ ਬਾਬਾ ਜੀ ਦਾ ਹੀ ਨਾਮ ਰਾਮਦਾਸ ਸੀ : -

> ਫੇਰ ਦੱਖਣ ਦੇਸ਼ ਹਰੀਪੁਰ ਇਕ ਗਾਉਂ।
> ਸੱਠਿ ਬਰਸ ਉਥੇ ਰਿਹਾ, ਰਾਮਦਾਸ ਤਬ ਥਾ ਨਾਉਂ।

ਵੈਸੇ, ਹਰੇਕ ਬੈਰਾਗੀ ਸਾਧੂ ਨੂੰ ਵੀ ਰਾਮਦਾਸ ਕਹਿ ਲਿਆ ਜਾਂਦਾ ਸੀ। ਨਾਰਾਇਣ, ਰਾਮ ਤੇ ਮਾਧੋ ਆਦਿਕ ਲਫ਼ਜ਼ ਪਰਮਾਤਮਾ ਦੇ ਸੂਚਕ ਹਨ। ਇਸ ਤਰ੍ਹਾਂ, ਨਾਰਾਇਣਦਾਸ, ਰਾਮਦਾਸ ਤੇ ਮਾਧੋਦਾਸ ਸਮਾਨਾਰਥਕ ਲਫ਼ਜ਼ ਹਨ, ਜਿਨ੍ਹਾਂ ਦਾ ਅਰਥ ਹੈ 'ਪ੍ਰਭੂ ਦਾ ਦਾਸ'। ਫ਼ਾਰਸੀ ਭਾਸ਼ਾ ਦੇ ਲਫ਼ਜ਼ 'ਬੰਦਾ' ਦਾ ਅਰਥ ਵੀ 'ਦਾਸ' ਹੀ ਹੁੰਦਾ ਹੈ।

## ਗੁਰੂ ਸਾਹਿਬ ਨਾਲ ਮੁਲਾਕਾਤ

ਲੱਗਭੱਗ ਸਾਰੇ ਲੇਖਕਾਂ ਨੇ ਇਹ ਲਿੱਖਿਆ ਹੈ ਕਿ ਮਾਧੋਦਾਸ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲੀ ਮੁਲਾਕਾਤ ਨਾਂਦੇੜ ਵਿਖੇ ਹੋਈ। ਕੇਸਰ ਸਿੰਘ ਛਿੱਬਰ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਬਾ ਬੰਦਾ ਸਿੰਘ ਜੀ ਨਾਲ ਮੁਲਾਕਾਤ ਖੰਡਾ ਸੇਹਰੀ ਤੇ ਨਿਰਬਾਨੇ ਪਿੰਡਾਂ ਦੇ ਕੋਲ ਬਣੇ ਬਾਬਾ ਬੰਦਾ ਸਿੰਘ ਜੀ ਦੇ ਠਾਕੁਰਦੁਆਰੇ ਵਿੱਚ ਹੋਈ ਸੀ, ਜਿੱਥੇ ਬਾਬਾ ਜੀ ਆਪਣੇ ਇੱਕ ਚੇਲੇ ਨਾਲ ਰਹਿੰਦੇ ਸਨ। ਕੇਸਰ ਸਿੰਘ ਅਨੁਸਾਰ,

> ਸਾਹਿਬ ਜਾਇ ਕੀਤਾ ਤਿਸ ਦੇ ਪਾਸ ਡੇਰਾ।
> ਸਿਖ ਸੰਗਤਿ ਨਾਲਿ ਲੋਕ ਜ਼ਨਾਨੇ ਬਹੁਤੇਰਾ।੬੧੨।
> ਸੱਦੇ ਦੀਵਾਨ ਸਾਹਿਬ ਚੰਦ ਧਰਮ ਚੰਦ,
> ਦਰਬਾਰੀ ਘਰਬਾਰੀ, ਨਾਲੇ ਨੰਦ ਚੰਦ।
> ਲੱਗੇ ਕਰਨ ਬੈਠ ਸਲਾਹ,
> "ਇਹ ਪੰਡ ਗੁਰਾਈ ਦੀ ਹੈ ਦੇਣੀ,
> ਅਤੇ ਲੈਣਾ ਹੈ ਵੈਰ ਖਾਹਮਖਾਹ" ।੬੧੩।
> (ਦੇਖੋ, ਦਸਵਾਂ ਚਰਣ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ')।

ਜ਼ਾਹਿਰ ਹੈ ਕਿ ਕੇਸਰ ਸਿੰਘ ਛਿੱਬਰ ਨੂੰ ਇੱਥੇ ਭੁਲੇਖਾ ਲੱਗਾ ਹੈ। ਜੇ ਕੇਸਰ ਸਿੰਘ ਛਿੱਬਰ ਜਿਸ ਦੀਵਾਨ ਸਾਹਿਬ ਚੰਦ ਜੀ ਦਾ ਜ਼ਿਕਰ ਕਰ ਰਿਹਾ ਹੈ, ਉਹ ਸ਼ਹੀਦ ਭਾਈ ਸਾਹਿਬ ਮਤੀ ਦਾਸ ਜੀ ਦੇ ਸਪੁੱਤਰ ਹਨ, ਤਾਂ ਕੇਸਰ ਸਿੰਘ ਗ਼ਲਤ ਲਿੱਖ ਰਿਹਾ ਹੈ।

ਦੀਵਾਨ ਸਾਹਿਬ ਸਿੰਘ ਜੀ ਤਾਂ ਕਾਫ਼ੀ ਪਹਿਲਾਂ ਸ਼ਹੀਦ ਹੋ ਚੁੱਕੇ ਸਨ। ਇਸੇ ਤਰ੍ਹਾਂ, ਕੇਸਰ ਸਿੰਘ ਨੇ ਜਿਸ ਨੰਦ ਚੰਦ ਦਾ ਜ਼ਿਕਰ ਕੀਤਾ ਹੈ, ਜੇ ਉਹ ਨੰਦ ਚੰਦ ਸੰਘਾ ਹੈ, ਤਾਂ ਵੀ ਕੇਸਰ ਸਿੰਘ ਛਿੱਬਰ ਭੁਲੇਖੇ ਵਿੱਚ ਹੈ। ਨੰਦ ਚੰਦ (ਜੋ ਸੰਘਾ ਗੋਤ ਦਾ ਜੱਟ ਸੀ) ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਕਾਫ਼ੀ ਸਮਾਂ ਪਹਿਲਾਂ ਮਰ ਚੁੱਕਾ ਸੀ। ਬਾਬਾ ਬੰਦਾ ਸਿੰਘ ਜੀ ਨੂੰ ਗੁਰਿਆਈ ਨਹੀਂ ਸੀ ਦਿੱਤੀ ਗਈ। ਖ਼ੁਦ ਕੇਸਰ ਸਿੰਘ ਛਿੱਬਰ ਨੇ ਹੀ ਬਾਰ੍ਹਵੇਂ ਚਰਣ ਵਿੱਚ ਲਿੱਖਿਆ ਹੈ: -

ਬਹੁਤ ਸਿੱਖ ਬੰਦੇ ਨੂੰ ਯਾਰ੍ਹਵੀਂ ਪਾਤਿਸ਼ਾਹੀ ਹੈਸਨ ਕਹਿੰਦੇ।
ਸੋ ਬੰਦਾ ਪਾਤਸ਼ਾਹੀਆਂ ਵਿਚਿ ਨਾਹੀ, ਚਿੰਰਜੀਤਾਂ ਵਿਚਿ ਬੰਦਾ ਜੀ ਰਹਿੰਦੇ।

ਸੂਰੂਪ ਸਿੰਘ ਕੌਸ਼ਿਸ਼ ਦੀ ਪੁਸਤਕ 'ਗੁਰੂ ਕੀਆਂ ਸਾਖੀਆਂ' ਤੋਂ ਜਾਣਕਾਰੀ ਮਿਲਦੀ ਹੈ ਕਿ ਮਾਧੋਦਾਸ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲੀ ਮੁਲਾਕਾਤ ਰਿਸ਼ੀਕੇਸ਼/ਹਰਿਦੁਆਰ ਵਿਖੇ ਹੋਈ ਸੀ। ਉਦੋਂ ਮਾਧੋਦਾਸ ਪ੍ਰਸਿੱਧ ਯੋਗੀ ਔਘੜਨਾਥ ਦੀ ਸੰਗਤ ਵਿੱਚ ਸੀ।

ਕਿਹਾ ਜਾਂਦਾ ਹੈ ਕਿ ਔਘੜ ਨਾਥ ਨੇ ਉਸ ਨੂੰ ਜੰਤ੍ਰਾਂ-ਮੰਤ੍ਰਾਂ ਤੇ ਰਿੱਧੀਆਂ-ਸਿੱਧੀਆਂ ਦੇ ਗੁੱਝੇ ਭੰਡਾਰ ਦਿੱਤੇ। ਯੋਗੀ ਔਘੜਨਾਥ ਦੀ ਮੌਤ ਤੋਂ ਬਾਅਦ ਮਾਧੋਦਾਸ ਬੁਰਹਾਨਪੁਰ ਸ਼ਹਿਰ ਨੇੜੇ ਰਹਿੰਦੇ ਇੱਕ ਸਾਧੂ ਮਹਾਤਮਾ ਜੀ ਕੋਲ ਤਿੰਨ ਸਾਲ ਰਿਹਾ। ਇਹ ਸਾਧੂ 'ਲੂਣੀਆ ਸਿੱਧ' ਦੇ ਨਾਮ ਨਾਲ ਮਸ਼ਹੂਰ ਸਨ। (ਗਿਆਨੀ ਗਿਆਨ ਸਿੰਘ ਅਨੁਸਾਰ ਲੂਣੀਆ ਸਿੱਧ ਨੇ ਮਾਧੋ ਦਾਸ ਨੂੰ ਮੰਤ੍ਰਾਂ ਦੀ ਪੁਸਤਕ ਦਿੱਤੀ ਸੀ)। ਇਹ ਬਹੁਤ ਵੱਡੀ ਉਮਰ ਦੇ ਸਾਧੂ ਸਨ। ਸੂਰੂਪ ਸਿੰਘ ਕੌਸ਼ਿਸ਼ ਕ੍ਰਿਤ 'ਗੁਰੂ ਕੀਆਂ ਸਾਖੀਆਂ' ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੁਰਹਾਨਪੁਰ ਪਹੁੰਚੇ, ਤਾਂ ਲੂਣੀਆ ਜੀ ਉਨ੍ਹਾਂ ਦੇ ਦਰਸ਼ਨ ਕਰਨ ਆਏ। ਗੁਰੂ ਸਾਹਿਬ ਜੀ ਨੇ ਉਨ੍ਹਾਂ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਬਾਂਹ ਤੋਂ ਫੜ੍ਹ ਕੇ ਆਪਣੇ ਨਾਲ ਪਲੰਘ 'ਤੇ ਬਿਠਾ ਲਿਆ ਸੀ। ਲੂਣੀਆ ਜੀ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਗੁਰੂ ਸਾਹਿਬ ਅਗਲੇ ਦਿਨ ਲੂਣੀਆ ਜੀ ਦੇ ਆਸ਼ਰਮ ਵਿੱਚ ਗਏ ਤੇ ਭੋਜਨ ਕੀਤਾ।

ਮਾਧੋ ਦਾਸ ਨਾਲ ਗੁਰੂ ਜੀ ਦੀ ਦੂਜੀ ਮੁਲਾਕਾਤ ਨਾਂਦੇੜ ਵਿਖੇ ਸੂਰਜ ਗ੍ਰਹਿਣ ਵਾਲੇ ਦਿਨ ਹੋਈ। ਨਾਂਦੇੜ ਵਿਖੇ ਮਾਧੋਦਾਸ ਦਾ ਆਸ਼ਰਮ ਸੀ। ਕਿਉਂਕਿ ਇਹ ਮੁਲਾਕਾਤ ਕਈ ਸਾਲਾਂ ਮਗਰੋਂ ਹੋਈ ਸੀ, ਇਸਲਈ ਮਾਧੋ ਦਾਸ ਗੁਰੂ ਜੀ ਨੂੰ ਪਹਿਚਾਣ ਨਾ ਸਕਿਆ। ਜਦੋਂ ਗੁਰੂ ਜੀ ਨੇ ਮਾਧੋ ਦਾਸ ਨੂੰ ਕਿਹਾ ਕਿ ਉਨ੍ਹਾਂ ਦੀ ਉਸ ਨਾਲ ਪਹਿਲੀ ਮੁਲਾਕਾਤ ਰਿਸ਼ੀਕੇਸ਼/ਹਰਿਦੁਆਰ ਵਿਖੇ ਹੋਈ ਸੀ, ਤਾਂ ਮਾਧੋ ਦਾਸ ਨੇ ਗੁਰੂ ਜੀ ਵੱਲ ਗ਼ੌਰ ਨਾਲ ਵੇਖਿਆ ਤੇ ਪੁੱਛਿਆ, "ਤੁਸੀਂ ਗੁਰੂ ਗੋਬਿੰਦ ਰਾਇ ਹੋ, ਜਿਨ੍ਹਾਂ ਦੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਨੇ ਦਿੱਲੀ ਜਾ ਕੇ ਸੀਸ ਬਲਿਦਾਨ ਕੀਤਾ ਸੀ?" ਗੁਰੂ ਜੀ ਨੇ 'ਹਾਂ' ਵਿੱਚ ਜਵਾਬ ਦਿੱਤਾ। ਮਾਧੋ ਦਾਸ ਨੇ ਫ਼ੌਰਨ ਹੀ ਆਪਣਾ ਸਿਰ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਰੱਖ ਦਿੱਤਾ।

ਕੇਸਰ ਸਿੰਘ ਛਿੱਬਰ ਲਿੱਖਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਬਾਬਾ ਜੀ ਨੂੰ ਮਿਲ ਕੇ ਵਾਪਸ ਜਾਣ ਲੱਗੇ, ਤਾਂ ਬਾਬਾ ਜੀ ਗੁਰੂ ਜੀ ਨੂੰ ਛੱਡਣ ਦਰਵਾਜ਼ੇ ਤਕ ਆਏ। ਅੱਗੇ ਕੇਸਰ ਸਿੰਘ ਲਿੱਖਦਾ ਹੈ,

"ਮੁੜਨ ਲੱਗਾ ਤਕ ਤਿਸ ਨੇ ਸਾਹਿਬ ਨੂੰ ਕਹਿਆ।
"ਅਜੀ, ਮੁਦਤਿ ਕਿਤੀ ਵਿਚਿ ਪੜਦਾ ਰਿਹਾ?"
ਸਾਹਿਬ ਨਉਂ ਮਹੀਨੇ ਨਉਂ ਦਿਨ ਤਿਸ ਨੂੰ ਕਹੇ।
ਇਸ ਤੇ ਉਪ੍ਰੰਤ ਕਰਨਾ ਜਿਤਨਾ ਚਹੇ" ।੬੨੫।

ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਿਤ ਪੁਸਤਕ 'ਰਹਿਤਨਾਮੇ' ਵਿੱਚ ਦਰਜ 'ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ' ਅਨਸੁਾਰ: -

ਤਾਂ ਬਚਨ ਹੋਇਆ, "ਡੱਲਿਆ, ਅਗੇ ਮੰਜੀ ਨਹੀਂ ਸੀ ਰੱਖਣੀ । ਦਸਾਂ ਜਾਮਿਆਂ ਦਾ ਬਚਨ ਸੀ । ਇਸੇ ਵਾਸਤੇ ਮਸੰਦ ਕਢਿ ਛੋਡੇ, ਪਿਛੇ ਅਸਾਡੇ ਮਤਾਂ ਆਪ ਗੁਰੂ ਬਣਿ ਬਹਿਣ ।" "ਗੁਰਿਆਈ ਸਰਬਤ ਖ਼ਾਲਸੇ ਦੀ, ਅਤੇ ਆਸਰਾ ਗੁਰੂ ਕੇ ਸ਼ਬਦ ਦਾ ਅਤੇ ਵਾਲੀ ਪੁਰਖੁ । ਅਤੇ ਚਿੜੀਆਂ ਪਾਸਹੁੰ ਬਾਜ਼ ਤੁੜਾਵਣੇ ਹੈਨਿ, ਬਲ ਭਗਵਤੀ ਦਾ ਹੋਸੀ । ਅਤੇ ਜ਼ੋਰ ਤੁਰਕਾਂ ਦਾ ਭੰਨ ਛਡਿਆ ਹੈ । ਇਕ ਬੰਦਾ ਭੇਜਾਂਗੇ, ਵੈਰ ਲੈ ਛੱਡਾਂਗੇ । ਅਤੇ ਤੁਰਕਾਂ ਨੂੰ ਆਪਣੇ ਦਾਉਣੋਂ ਲੁਹਾਵਾਂਗੇ । ਅਤੇ ਪੰਥ ਵਿਚ ਪੁਰਾਤਨ ਸਿੰਘ ਸ਼ਸਤ੍ਰਧਾਰੀ ਪੈਦੇ ਹੋਸਨ, ਸੋ ਜੁੱਧ ਰੱਖਣਗੇ ।" ਤਾਂ ਡੱਲੇ ਆਖਿਆ, "ਗ਼ਰੀਬ ਨਿਵਾਜ਼, ਉਹ ਬੰਦਾ ਕਦੋਂ ਪੈਦਾ ਹੋਸੀ ? ਅਤੇ ਕਉਣ ਹੋਸੀ ? ਅਤੇ ਉਹ ਖ਼ਾਲਸਾ ਕਦੋਂ ਪੈਦਾ ਹੋਸੀ ? ਅਤੇ ਉਹ ਖ਼ਾਲਸਾ ਕਿਹੜਾ ਹੋਸੀ, ਜਿਸਨੂੰ ਗੁਰਿਆਈ ਦਿੱਤੀ ਹੈ ?" ਬਚਨ ਹੋਆ, "ਖ਼ਾਲਸਾ ਉਹ ਜੋ ਖ਼ਾਲਸ ਹੋਵੈ ਸੰਸਾਰ ਦੀ ਕਾਣੋਂ । ਜਿਸ ਨੇ ਗੁਰੂ ਨੂੰ ਜਾਤਾ ਹੈ । ਗੁਰੂ ਗੁਰੂ ਜਾਤਿ ਹੋਇ ਨਿਬੜੈ । ਸਰਬਤ ਵਿਚ ਗੁਰੂ । ਬੰਦਾ ਇਕ ਸਾਧ ਹੋਸੀ । ਅਸਾਡੇ ਅਸਵਾਰੇ ਕੀਤਿਆਂ ਨਉਂ ਦਿਨ ਅਤੇ ਨਉਂ ਮਹੀਨਿਓਂ ਪਾਛੇ ਪ੍ਰਗਟ ਹੋਸੀ ।" ਸੋ ਜਾਣੀਦਾ ਹੈ, ਸਾਹਿਬ ਪੂਰਨ ਪੁਰਖੁ ਜੀ ਸੰਮਤ ੧੭੬੩ ਵੈਸਾਖ ਦੇ ਮਹੀਨੇ ਇਕ ਅਤੀਤ ਸਾਧ ਬੈਰਾਗੀ ਨੂੰ ਮਿਲ ਕੇ, ਉਸ ਨਾਲ ਕੁਛ ਗੋਸ਼ੇ ਗੱਲਾਂ ਕੀਤੀਆਂ ਹੈਸਨ । ਅੱਗੇ ਉਸ ਦੀ ਉਹ ਜਾਣੈ । ਪਰ ਜਾਣੀਦਾ ਹੈ, ਜੋ ਪੰਥ ਵਿਚ ਬਲ ਦੇ ਕੇ ਉਸ ਨੂੰ ਖ਼ਬਰਦਾਰ ਕਰਨਗੇ । ਅਗੇ ਗੁਰੂ ਜਾਣੇ ।

## ਅੰਮ੍ਰਿਤ ਛੱਕ ਕੇ ਸਿੰਘ ਸਜਣਾ

ਕਈ ਲੇਖਕਾਂ ਨੇ ਇਹ ਸਿੱਧ ਕਰਨ 'ਤੇ ਪੂਰਾ ਜ਼ੋਰ ਲਗਾ ਦਿੱਤਾ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਖੰਡੇ ਦਾ ਅੰਮ੍ਰਿਤ ਨਹੀਂ ਸੀ ਛਕਿਆ । ਅਜਿਹੇ ਲੇਖਕਾਂ ਵਿੱਚ ਕੁੱਝ ਤਾਂ ਅਜਿਹੇ ਹਨ, ਜੋ ਬਾਬਾ ਜੀ ਨੂੰ ਸਿੱਖ ਦੀ ਬਜਾਇ ਹਿੰਦੂ ਸਿੱਧ ਕਰਨਾ ਚਾਹੁੰਦੇ ਹਨ । ਅਜਿਹੇ ਲੋਕਾਂ ਦੀ ਮਨਸ਼ਾ ਹਿੰਦੂ ਇਤਿਹਾਸ ਨੂੰ ਸ਼ਾਨਦਾਰ ਰੂਪ ਵਿੱਚ ਦਿਖਾਉਣ ਦੀ ਹੈ । ਜੇ ਉਹ ਬਾਬਾ ਜੀ ਨੂੰ ਹਿੰਦੂ ਸਿੱਧ ਕਰਨ ਵਿੱਚ ਸਫਲ ਹੁੰਦੇ ਹਨ, ਤਾਂ ਉਹ ਉਸ ਦੌਰ ਦੇ ਹਿੰਦੂ ਇਤਿਹਾਸ ਨੂੰ ਸ਼ਾਨਦਾਰ ਕਹਿ ਸਕਣ ਦੀ ਜੁਰਅਤ ਕਰ ਸਕਦੇ ਹਨ ।

ਅਜਿਹੇ ਵੀ ਲੇਖਕ ਹਨ, ਜੋ ਬਾਬਾ ਜੀ ਦੀ ਸ਼ਖ਼ਸੀਅਤ ਨੂੰ ਕੇਵਲ ਇਸੇ ਲਈ ਦਾਗ਼ਦਾਰ ਦਿਖਾਉਣਾ ਚਾਹੁੰਦੇ ਹਨ, ਤਾਂ ਕਿ ਉਹ ਉਸ ਸਮੇਂ ਦੇ ਉਨ੍ਹਾਂ ਕੁਝ ਖ਼ਾਸ ਸਿੱਖ ਆਗੂਆਂ ਨੂੰ ਸਾਫ਼ ਸੁਥਰਾ ਦਰਸਾ ਸਕਣ, ਜਿਨ੍ਹਾਂ ਦੀ ਸ਼ਖ਼ਸੀਅਤ ਪੁਰਾਤਨ ਇਤਿਹਾਸ ਵਿੱਚ ਕੁੱਝ ਦਾਗ਼ਦਾਰ ਜਿਹੀ ਵਰਣਿਤ ਹੈ । ਬਾਬਾ ਜੀ ਦੀ ਸ਼ਖ਼ਸੀਅਤ ਨੂੰ ਛੁਟਿਆਉਣ ਲਈ ਹੀ ਅਜਿਹੇ ਲੇਖਕਾਂ ਨੇ ਲਿੱਖ ਦਿੱਤਾ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਖੰਡੇ ਦਾ ਅੰਮ੍ਰਿਤ ਨਹੀਂ ਸੀ ਛਕਿਆ । ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਅਜਿਹੇ ਲੇਖਕ ਸਿੱਖ ਪਿਛੋਕੜ ਤੋਂ ਵੀ ਹਨ ।

ਕੇਸਰ ਸਿੰਘ ਛਿੱਬਰ ਦੀ ਲਿਖਤ ਇਸ ਪੱਖ ਤੋਂ ਬਹੁਤ ਮਹੱਤਵਪੂਰਣ ਸਮਝੀ ਜਾਣੀ ਚਾਹੀਦੀ ਹੈ ਕਿ ਇਹ ਬਾਬਾ ਬੰਦਾ ਸਿੰਘ ਬਹਾਦੁਰ ਜੀ ਵੱਲੋਂ 'ਪਾਹੁਲ ਗੁਰੂ ਕੀ' ਛੱਕਣ ਦਾ ਸਪਸ਼ਟ ਜ਼ਿਕਰ ਕਰਦੀ ਹੈ : -

ਆਖਰ ਸਾਧੂ ਉਠ ਕੇ ਆ ਚਰਨੀਂ ਢੱਠਿਆ ।
ਪਾਹੁਲ ਗੁਰੂ ਕੀ ਛਕ ਕੇ, ਬਣਿਆ ਸਿੰਘ ਹਠੀਆ ।੬੨੩।
(ਦਸਵਾਂ ਚਰਣ)

ਕੇਸਰ ਸਿੰਘ ਦੇ ਲਿਖੇ ਲਫ਼ਜ਼ 'ਬਣਿਆ ਸਿੰਘ ਹਠੀਆ' ਕੋਈ ਭੁਲੇਖਾ ਨਹੀਂ ਰਹਿਣ ਦਿੰਦੇ ਕਿ 'ਪਾਹੁਲ ਗੁਰੂ ਕੀ' ਉਹ ਸੀ, ਜਿਸ ਨੂੰ ਛੱਕ ਕੇ ਉਹ 'ਸਿੰਘ' ਬਣਿਆ। ਸਪਸ਼ਟ ਹੈ ਕਿ 'ਪਾਹੁਲ ਗੁਰੂ ਕੀ' ਦਾ ਭਾਵ 'ਖੰਡੇ ਕੀ ਪਾਹੁਲ' ਹੀ ਹੈ।

## ਪੰਜਾਬ ਆਉਣਾ

ਕੇਸਰ ਸਿੰਘ ਛਿੱਬਰ ਨੇ ਬਾਬਾ ਜੀ ਦੇ ਪੰਜਾਬ ਵਿੱਚ ਆਉਣ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ: -

ਮੁੱਦਤਿ ਕਰਾਰ ਪੂਰਾ ਆਇ ਹੋਇਆ ।[੧]
ਇਹੁ ਸਾਧ ਅਤੀਤ ਬੈਰਾਗੀ, ਅਪਨੇ ਠਾਕੁਰਦੁਆਰੇ ਪਰੁ ਚੜ੍ਹਿ ਖਲੋਇਆ।
ਸਾਥ ਲੁਬਾਣਿਆਂ ਬਹੁਰੂਪੀਆਂ[੨] ਸਿਖਾਂ ਦਾ ਆਇਆ।
ਮਾਲ ਬਲਦ ਲੱਦੇ ਹੋਏ ਮਾਰਗ ਚਲੇ ਜਾਇਆ ।੫।

[੩]ਚੇਲਾ ਭੇਜਿ ਨਾਇਕ[੪] ਸੱਦਿ ਬੁਲਾਇਆ।
ਪੂਛਾ: "ਤੁਮ ਹੋ ਕਉਨ? ਕਹਾਂ ਜਾਹੁਗੇ? ਕਹਾਂ ਤੇ ਆਇਆ?"
ਤਿਨ[੫] ਕਹਿਆ: "ਹਮ ਹੈਂ ਬੈਪਾਰੀ ਬਹੁਰੂਪੀਏ ਲੁਬਾਣੇ ।"
ਇਨ[੬] ਕਹਿਆ: "ਕਉਨ ਹੋ, ਸੱਚ ਕਹੋ ਬਖਾਣੇ" ।੬।

ਪੁਨ ਤਿਨ[੭] ਐਸੇ ਕੀਆ ਬਖਾਨ।
"ਹਮ ਹੈਂ ਬੈਪਾਰੀ ਜਾਨੈ ਸਗਲ ਜਹਾਨੁ ।"
ਸਾਧ[੮] ਕਹਿਆ, "ਲੰਡੀ ਕੇ! ਸੱਚ ਕਿਉਂ ਨਹੀਂ ਕਹਿਤੇ ?
ਕਉਨ ਹੋ ਤੁਮ ? ਸੱਚ ਕਹੋ ਕਹਾਂ ਹੋ ਰਹਿਤੇ ?" ।੭।

---

[੧] ਆਪਣੀ ਪੁਸਤਕ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦੇ ਦਸਵੇਂ ਚਰਣ ਵਿੱਚ ਕੇਸਰ ਸਿੰਘ ਛਿੱਬਰ ਲਿੱਖਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਬਾਬਾ ਜੀ ਨੂੰ ਮਿਲ ਕੇ ਵਾਪਸ ਜਾਣ ਲੱਗੇ, ਤਾਂ ਬਾਬਾ ਜੀ ਗੁਰੂ ਜੀ ਨੂੰ ਛੱਡਣ ਦਰਵਾਜ਼ੇ ਤਕ ਆਏ। ਅੱਗੇ ਕੇਸਰ ਸਿੰਘ ਲਿੱਖਦਾ ਹੈ, **"ਮੁੜਨ ਲੱਗਾ ਤਕ ਤਿਸ ਨੇ ਸਾਹਿਬ ਨੂੰ ਕਹਿਆ। "ਅਜੀ, ਮੁਦਤਿ ਕਿਤੀ ਵਿਚਿ ਪੜਦਾ ਰਿਹਾ?" ਸਾਹਿਬ ਨਉਂ ਮਹੀਨੇ ਨਉਂ ਦਿਨ ਤਿਸ ਨੂੰ ਕਹੇ। ਇਸ ਤੇ ਉਪ੍ਰੰਤ ਕਰਨਾ ਜਿਤਨਾ ਚਹੇ ।੬੨੫।"**

[੨] ਪਿਛਲੇ ਸਮਿਆਂ ਵਿੱਚ ਭੇਸ ਬਦਲਣ ਵਿੱਚ ਮੁਹਾਰਤ ਰੱਖਣ ਵਾਲੇ ਲੁਬਾਣਿਆਂ ਨੂੰ ਅਕਸਰ ਹੀ 'ਬਹੁਰੂਪੀਆ' ਕਿਹਾ ਗਿਆ ਹੈ। ਇਹ ਰਾਜਪੂਤ ਪਿਛੋਕੜ ਤੋਂ ਹਨ।

[੩] ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ।

[੪] ਆਗੂ।

[੫] ਲੁਬਾਣਿਆਂ ਦੇ ਆਗੂ ਨੇ।

[੬] ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ।

[੭] ਲੁਬਾਣਿਆਂ ਦੇ ਆਗੂ ਨੇ।

[੮] ਬਾਬਾ ਬੰਦਾ ਸਿੰਘ ਜੀ।

ਤਬ ਤਿਨ[੯] ਕਹਿਆ: "ਜੀ ਬਹੁਰੂਪੀ ਲੁਬਾਣੇ ਹੈਂ ਬੈਪਾਰੀ ।"
ਸਾਧ ਕਹਿਆ, "ਲੰਡੀ ਕੇ! ਸੱਚ ਕਿਉਂ ਨਹੀਂ ਕਹਿਤੇ ਉਚਾਰੀ ?"
[੧੦]ਕਹਿਆ: "ਜੀ ਹਮ ਹੈਂ ਸਿੱਖ ਬੈਪਾਰੀ ਲੁਬਾਣੇ ।"
ਕਹਿਆ ਸਾਧ, "ਲੰਡੀ ਕੇ, ਜਿਉਂ ਕਿਉ ਨਹੀਂ ਕਹਿਤੇ ਸੱਚ ਬਖਾਨੇ" ।੮।

ਤਿਨ ਕਹਿਆ, "ਜੀ ਹਮ ਬੈਪਾਰੀ ਹੈਂ ਗੁਰੂ ਕੇ ਸਿਖ ।"
ਸਾਧ ਕਹਿਆ, "ਐਸੇ ਕਿਉਂ ਨਹੀਂ ਕਹਿਤੇ, ਜੋ ਮੁਖ ਹੋਇ ਪਵਿਤ ।[੧੧]
ਤੁਮ ਸਿਖ ਕੈਸੇ ਹੋ ਭਏ ? ਹੋ ਸਿਖ ਹੋਇ ਗੁਰੂ ਕਾ ਵੈਰ ਨਹੀਂ ਲਏ" ।੯।

ਤਿਨ[੧੨] ਕਹਿਆ, "ਹੀ ਹਮ ਹੈਂ ਨਿਬਲ[੧੩], ਤੁਰਕ ਹੈਂ ਭਾਰੀ ।"
ਤਿਨ[੧੪] ਕਹਿਆ, "ਬੰਦਾ ਹੈ ਨਾਲਿ, ਕਰੇਗਾ ਸਵਾਰੀ ?"[੧੫]
ਤਿਨ[੧੬] ਕਹਿਆ, "ਜੀ ਹਮ ਮਾਲ ਬੇਚ ਚਰਨਾਂ ਪਾਸ ਜਾਣੋ ਆਏ ।"
[੧੭]ਕਹਿਆ, "ਜਾਓ, ਹਥਿਆਰ ਖਰੀਦ ਕਰਿ ਪਹੁੰਚੋ ਧਾਇ" ।੧੦।

ਸੋ ਗਏ, ਤਿਨ ਜਾਇ ਧਾਮ ਕੀਤੀ ਏਹੁ ਸਲਾਹ ।
"ਭਾਈ! ਮਾਲ ਵੇਚੋ, ਹਥੀਆਰ ਖਰੀਦੋ ਖ਼ਾਹਮਖ਼ਾਹ ।
ਅਤੇ ਕਬੀਲੇ[੧੮] ਛੱਡੀਏ ਪਹਾੜੀਂ ਚਾੜ੍ਹ ।
ਹਥੀਆਰ, ਘੋੜੇ ਖਰੀਦ ਕਰਿ ਹੋਇ ਆਵੋ ਸਵਾਰ" ।੧੧।

ਕਉਰ ਸਿੰਘ, ਬਾਜ਼ ਸਿੰਘ, ਭਗਵੰਤ ਸਿੰਘ ਤੀਨੋ ਹੀ ਆਏ ।[੧੯]
ਸੋ, ਤੀਨੋ ਭਏ ਸਿਰਦਾਰ, ਬੰਦੇ ਸਾਹਿਬ ਵਧਾਏ ।
ਆਪ ਚੜ੍ਹਿਆ ਨਾਲਿ ਹੋਆ, ਮਾਰੇ ਦੁਇ ਤੀਨ ਤੁਰਕਾਂ ਦੇ ਗਾਉਂ ।
ਪੜ ਗਈ ਧੁੰਮ ਪ੍ਰਗਟਿਆ ਗੁਰੂ ਬੰਦਾ ਸਾਹਿਬ[੨੦] ਨਾਉਂ ।੧੨।

---

[੯] ਲੁਬਾਣੇ ਆਗੂ ਨੇ ।
[੧੦] ਲੁਬਾਣੇ ਆਗੂ ਨੇ ।
[੧੧] ਵਾਹ ! ਬਾਬਾ ਜੀ ਨੇ ਕੇਹੇ ਸੁੰਦਰ ਵਚਨ ਉਚਰੇ ਹਨ ।
[੧੨] ਲੁਬਾਣਿਆਂ ਨੇ ।
[੧੩] ਨਿਰਬਲ, ਸ਼ਕਤੀਹੀਣ ।
[੧੪] ਬਾਬਾ ਜੀ ਨੇ ।
[੧੫] ਭਾਵ, ਮੈਂ (ਬੰਦਾ ਸਿੰਘ) ਤੁਹਾਡੇ ਨਾਲ ਹਾਂ । ਕੀ ਤੂੰ ਹੁਣ (ਜੁੱਧ ਲਈ ਘੋੜੇ ਦੀ) ਸਵਾਰੀ ਕਰੇਂਗਾ?
[੧੬] ਲੁਬਾਣਿਆਂ ਨੇ ।
[੧੭] ਬਾਬਾ ਜੀ ਨੇ ।
[੧੮] ਪਰਿਵਾਰ ।
[੧੯] ਇਹ ਤਿੰਨ ਗੁਰਸਿੱਖ (ਭਾਈ ਕਉਰ ਸਿੰਘ ਜੀ, ਭਾਈ ਬਾਜ਼ ਸਿੰਘ ਜੀ, ਭਾਈ ਭਗਵੰਤ ਸਿੰਘ ਜੀ) ਹੀ ਅਜਿਹੇ ਸਿੱਖ ਆਗੂ ਸਨ, ਜੋ ਬਾਬਾ ਜੀ ਨਾਲ ਪੰਜਾਬ ਆਏ ਤੇ ਉਨ੍ਹਾਂ ਨਾਲ ਜੁੱਧਾਂ ਵਿੱਚ ਸ਼ਾਮਿਲ ਹੋਏ ।

ਇਸ ਤਰ੍ਹਾਂ, ਬਾਬਾ ਜੀ ਲੁਬਾਣਿਆਂ ਦੇ ਜੱਥੇ ਨਾਲ ਪੰਜਾਬ ਵੱਲ ਆਏ ।

## ਸਢਉਰਾ ਜਿੱਤਣਾ

ਸਢਉਰਾ ਇੱਕ ਸ਼ਹਿਰ ਹੈ, ਜਿਹੜਾ ਅੱਜਕਲ੍ਹ ਭਾਰਤ ਦੇ ਹਰਿਆਣਾ ਰਾਜ ਵਿੱਚ ਪੈਂਦਾ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇੱਥੇ ਦਾ ਹਾਕਮ ਉਸਮਾਨ ਖ਼ਾਨ ਸੀ, ਸੋ ਬੜਾ ਜ਼ਾਲਿਮ ਵਿਅਕਤੀ ਸੀ । ਉਹ ਗੁਰੂ-ਘਰ ਦਾ ਪੱਕਾ ਵਿਰੋਧੀ ਸੀ । ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਪੀਰ ਬੁੱਧੂ ਸ਼ਾਹ ਜੀ ਨੂੰ ਪਰਿਵਾਰ ਸਮੇਤ ਤਸੀਹੇ ਦੇ ਕੇ ਸ਼ਹੀਦ ਕਰਵਾਉਣ ਵਾਲਾ ਇਹ ਹੀ ਕੁਕਰਮੀ ਸੀ । ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਇਸ ਸ਼ਹਿਰ 'ਤੇ ਹਮਲਾ ਕਰ ਕੇ ਉਸਮਾਨ ਖ਼ਾਨ ਨੂੰ ਹੋਰ ਦੁਸ਼ਟਾਂ ਸਮੇਤ ਮਾਰ ਕੇ ਧਰਤੀ ਦਾ ਭਾਰ ਹਲਕਾ ਕੀਤਾ ।

ਬਾਬਾ ਬੰਦਾ ਸਿੰਘ ਜੀ ਵੱਲੋਂ ਸਢੌਰਾ ਸ਼ਹਿਰ 'ਤੇ ਹਮਲਾ ਕਰਨ ਦਾ ਜ਼ਿਕਰ ਕੇਸਰ ਸਿੰਘ ਛਿੱਬਰ ਨੇ ਇੰਞ ਕੀਤਾ ਹੈ : -

> ਮਾਰਿ[੨੧] ਸਢਉਰਾ ਸਾੜਿ ਫੂਕ ਅੱਗ ਲਗਾਈ ।
> ਪੁੱਟੀਆਂ ਕਬਰਾਂ, ਕੱਢੇ ਮੁਰਦੇ, ਦਿਤੇ ਸੜਾਈ ।

ਇੱਥੇ ਇਹ ਸਪਸ਼ਟ ਕਰਨਾ ਠੀਕ ਰਹੇਗਾ ਕਿ ਆਮ ਲੋਕਾਂ ਦੀਆਂ ਕਬਰਾਂ ਪੁੱਟ ਕੇ ਮੁਰਦੇ ਨਹੀਂ ਸਾੜ੍ਹੇ ਗਏ ਸਨ । ਕਈ ਲੇਖਕਾਂ ਨੇ ਅਸਲ ਗੱਲ ਨੂੰ ਜਾਣੇ ਬਿਨ੍ਹਾਂ ਹੀ ਵਧਾ-ਚੜ੍ਹਾ ਕੇ ਲਿੱਖਿਆ ਹੈ । ਗਿਆਨੀ ਗਿਆਨ ਸਿੰਘ ਨੇ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਲਿੱਖ ਦਿੱਤਾ: -

> ਬਾਬੇ ਬੰਦੇ ਨੇ ਮੁਸਲਮਾਨਾਂ ਦੀਆਂ ਲੋਥਾਂ ਅੱਗ ਵਿੱਚ ਸਾੜ ਦਿਤੀਆਂ ਤੇ ਓਨਾਂ ਦੇ ਬੜੇ ਬੜੇ ਮਸ਼ਹੂਰ ਮਸ਼ਹੂਰ ਪੀਰ ਬਹਾਵਲ ਹੱਕ ਬਹੀਆਸਰ, ਕੁਤਬਦੀਨ ਸ਼ਾਹ ਕੁਮੈਤ ਆਦਿਕਾਂ ਦੀਆਂ ਕਬਰਾਂ ਪੁਟਾ ਕੇ ਓਨਾਂ ਦੀਆਂ ਹੱਡੀਆਂ ਕਢਵਾ ਕੇ ਫੁਕਾ ਸੁਟੀਆਂ ।

ਅਸਲ ਗੱਲ ਇਹ ਹੈ ਕਿ ਸਢੌਰੇ ਵਿਖੇ ਪੀਰ ਦੀ ਕਬਰ ਬਾਰੇ ਮਸ਼ਹੂਰ ਸੀ ਕਿ ਜੇ ਹਿੰਦੂ ਮੁਰਦਾ ਇਸ ਕਬਰ ਦੇ ਨੇੜਿਓਂ ਲੰਘਾਇਆ ਜਾਂਦਾ ਸੀ, ਤਾਂ ਉਹ ਮੁਰਦਾ ਸੜ੍ਹਦਾ ਨਹੀਂ ਸੀ । ਅਜਿਹੇ ਮ੍ਰਿਤਕ ਦਾ ਅੰਤਿਮ ਸੰਸਕਾਰ ਇਸਲਾਮੀ ਰੀਤ ਮੁਤਾਬਿਕ ਕੀਤਾ ਜਾਂਦਾ ਸੀ ।

ਜਦੋਂ ਬਾਬਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਹ ਉਸ ਕਬਰ ਕੋਲ ਜਾ ਪਹੁੰਚੇ । ਭਾਈ ਸੰਤੋਖ ਸਿੰਘ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਐਨ ੨, ਅੰਸੂ ੮ ਵਿੱਚ ਲਿੱਖਿਆ ਹੈ: -

> ਜਾਨਿ ਸੁ ਬੰਦੇ ਕੋ ਆਗਵਨੂ ।
> ਡਗਮਗ ਕੰਪੀ ਕਬਰ ਸ ਭਵਨੂ" ।

---

[੨੦] ਗੁਰੂ ਕਾ ਬੰਦਾ, ਗੁਰੂ ਦਾ ਗ਼ੁਲਾਮ, ਭਾਵ ਬਾਬਾ ਬੰਦਾ ਸਿੰਘ ਬਹਾਦੁਰ ਜੀ ।
[੨੧] ਜਿੱਤ ਕੇ ।

ਭਾਵ, ਬਾਬਾ ਬੰਦਾ ਸਿੰਘ ਜੀ ਦਾ ਆਉਣਾ ਜਾਣ ਕੇ ਕਬਰ ਇਮਾਰਤ ਸਮੇਤ ਕੰਬਣ ਲੱਗ ਪਈ।

ਲੋਕਾਂ ਦੇ ਇਸ ਵਿਸ਼ਵਾਸ਼, ਕਿ ਇਸ ਕਬਰ ਨੇੜਿਓਂ ਲੰਘਣ ਵਾਲਾ ਮੁਰਦਾ ਸੜ੍ਹਦਾ ਨਹੀਂ, ਨੂੰ ਤੋੜਨ ਲਈ ਬਾਬਾ ਜੀ ਨੇ ਪੀਰ ਦੀ ਕਬਰ ਖੁਦਵਾ ਦਿੱਤੀ ਤੇ ਵਿੱਚੋਂ ਹੱਡੀਆਂ ਕੱਢਵਾ ਕੇ ਅੱਗ ਵਿੱਚ ਜਲਾ ਕੇ ਦਿਖਾ ਦਿੱਤੀਆਂ।

# ਸਰਹਿੰਦ ਦੀ ਜਿੱਤ

ਬਾਬਾ ਬੰਦਾ ਸਿੰਘ ਬਹਾਦੁਰ ਜੀ ਵੱਲੋਂ ਸਰਹਿੰਦ ਸ਼ਹਿਰ ਨੂੰ ਜਿੱਤਣਾ ਸਿੱਖ ਇਤਿਹਾਸ ਦੀ ਇੱਕ ਮਹਤਵਪੂਰਣ ਘਟਨਾ ਹੈ। ਸਰਹਿੰਦ ਮੁਗ਼ਲ ਸਾਮਰਾਜ ਦਾ ਇੱਕ ਖ਼ਾਸ ਸੂਬਾ ਸੀ। ਇਹ ਉਹ ਹੀ ਸ਼ਹਿਰ ਸੀ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ ਨੂੰ ਇੱਥੇ ਦੇ ਸੂਬੇਦਾਰ ਵਜ਼ੀਰ ਖ਼ਾਨ ਦੇ ਹੁਕਮ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ। ਇੱਥੇ ਹੀ ਗੁਰੂ ਸਾਹਿਬ ਜੀ ਦੇ ਮਾਤਾ ਜੀ ਨੇ ਵੀ ਅੰਤਿਮ ਸਾਹ ਲਏ।

ਵਜ਼ੀਰ ਖ਼ਾਨ ਨੂੰ ਉਸ ਦੇ ਕੁਕਰਮਾਂ ਦੀ ਸਜ਼ਾ ਦੇਣ ਲਈ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਇਸ ਸ਼ਹਿਰ 'ਤੇ ਆਪਣਾ ਪ੍ਰਸਿੱਧ ਹਮਲਾ ਕੀਤਾ। ਵਜ਼ੀਰ ਖ਼ਾਨ ਤੇ ਉਸ ਦੇ ਦੁਸ਼ਟ ਸਾਥੀ ਮਾਰੇ ਗਏ। ਸ਼ਹਿਰ 'ਤੇ ਬਾਬਾ ਜੀ ਦਾ ਕਬਜ਼ਾ ਹੋ ਗਿਆ ਤੇ ਇਹ ਸੂਬਾ ਬਾਬਾ ਜੀ ਦੇ ਰਾਜ ਦਾ ਹਿੱਸਾ ਬਣ ਗਿਆ। ਬਾਬਾ ਬੰਦਾ ਸਿੰਘ ਜੀ ਨੇ ਭਾਈ ਬਾਜ਼ ਸਿੰਘ ਜੀ ਨੂੰ ਸਰਹਿੰਦ ਦਾ ਨਵਾਬ ਨਿਯੁਕਤ ਕੀਤਾ।

ਕੇਸਰ ਸਿੰਘ ਛਿੱਬਰ ਨੇ ਬਾਬਾ ਜੀ ਵੱਲੋਂ ਸਰਹਿੰਦ ਜਿੱਤਣ ਬਾਰੇ ਇੰਞ ਲਿੱਖਿਆ ਹੈ : -

ਤਹਾਂ ਤੇ ਚੜ੍ਹੇ ਸਿਰੰਦ[੨੨] ਮਾਰੀ[੨੩] ਅਰੁ ਸਾੜ੍ਹੀ।
ਪਕੜੀਆਂ ਨੂੰਹਾਂ ਧੀਆਂ ਸੁਚੇ[੨੪] ਝੂਠੇ[੨੫] ਪੁਰੀ ਖਤ੍ਰੀ[੨੬] ਦੀਆਂ ਕਿਰਾੜੀਂ।
ਪਾਏ ਚੂਹੇ ਸੁਥਣਾਂ ਵਿਚਿ ਟੰਗਾਈਆਂ।
ਰੋਂਦੀਆਂ ਕੁਰਲਾਂਦੀਆਂ ਹਵਾਲੇ ਚੂਹੜਿਆਂ ਦੇ ਕਰਵਾਈਆਂ।੧੫।

ਕੀਤੀ ਉਸ ਦੀ ਪੇਸ਼ ਇਸ ਦੇ ਆਈ।
ਪੁੱਤ੍ਰਾਂ ਦੇ ਕਰਮ ਮਾਪਿਆਂ ਨੂੰ ਮਾਪਿਆਂ ਦੇ ਕਰਮੁ ਪੁੱਤ੍ਰਾਂ ਨੂੰ ਲਗਦੇ ਜਾਈ।
ਇਸ ਪਰਿ ਸਾਖ ਗ੍ਰੰਥ ਜੀ ਵਿਚਿ ਭਗਤ ਹੈ ਪਾਈ।
ਸੁਨੋ ਭਾਈ ਸਿਖੋ ਮੈਂ ਕਰੋਂ ਸੁਨਾਈ।੧੬।

---

[੨੨] ਸਰਹਿੰਦ ਸ਼ਹਿਰ।
[੨੩] ਜਿੱਤੀ।
[੨੪] ਸੁੱਚਾਨੰਦ, ਜੋ ਕਿ ਵਜ਼ੀਰ ਖ਼ਾਨ ਦਾ ਦਰਬਾਰੀ ਸੀ। ਸੁੱਚਾਨੰਦ ਨੇ ਹੀ ਵਜ਼ੀਰ ਖ਼ਾਨ ਨੂੰ ਸਲਾਹ ਦਿੱਤੀ ਸੀ ਕਿ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਜਾਏ।
[੨੫] ਤ੍ਰਿਸਕਾਰ ਵਜੋਂ ਸਿੱਖ ਸੁੱਚਾਨੰਦ ਨੂੰ 'ਝੂਠਾਨੰਦ' ਕਹਿੰਦੇ ਹਨ।
[੨੬] ਸੁੱਚਾਨੰਦ ਜਾਤ ਦਾ ਖਤਰੀ ਸੀ। ਉਸ ਦੀ ਗੋਤ 'ਪੁਰੀ' ਸੀ।

'ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥
ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ' ।੧੭।

ਹੋਰ ਸਾਖ
'ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ' ।੧੮।

ਸਾਖ ਕੁਸੰਗ ਬਹੁਤ ਹੈ ਆਈ ।
ਬੇਦ, ਪੁਰਾਨਾਂ ਗ੍ਰੰਥ ਪੋਥੀਆਂ ਪਾਈ ।
ਜੇ ਕਿਸੇ ਦੇ ਮਨਿ ਸ਼ੰਕਾ ਆਵੈ ।
ਤਾਂ ਕਰਮ ਭੀ ਦੁਇ ਭਾਂਤਿ ਕਹਾਵੈ ।੧੯।

ਇਕ ਹੈ, ਸੂਖਮ ਇਕ ਹੈ ਅਸਥੂਲ ।
ਸੂਖਮ ਮਾਰੇ ਏਕੁ ਨੂ, ਅਸਥੂਲ ਮਾਰੇ ਮੂਲੁ ।
ਦੂਰ-ਅੰਦੇਸਾ ਲੀਜੈ ਕਰਾਈ ।
ਤਬ ਕਰੀਐ ਭਲਿਆਈ ਬੁਰਿਆਈ ।੨੦।

ਭਲਿਆਈ ਕੀਤੀ ਮੂਲ ਨ ਜਾਵੈ ।
ਬੁਰਿਆਈ ਕੀਤੀ ਦੇਣੀ ਆਵੈ ।
ਸਿਖ ਸੋਈ ਜੋ ਨਿਜ ਗੁਰੂ ਦਾ ਚਿਤ ਰਖੇ ਵੈਰੁ ।
ਨਿਜ ਧਾਮ ਨ ਪਾਏ ਤੱਤੇ ਦਾ ਪੈਰੁ ।੨੧।

ਸਿਖ ਗੁਰੂ ਕਾ, ਲਛਮਨ ਦਾਸ ਬੰਦਾ ਹੋਇਆ ।
ਹੈ ਸੀ ਬੈਰਾਗੀ, ਹੁਕਮ ਗੁਰੂ ਕਾ ਮੰਨ ਖੜੋਇਆ ।
ਸੀਸ ਦਿਤਾ, ਪਰ ਵੈਰ ਲਿਤਾ[੨੭] ।
ਕਿਸੇ ਸਿਖ ਭੀ ਹੈ ਐਸਾ ਕੰਮ ਕਿਤਾ ?੨੨।

ਚੂਹੜਿਆਂ ਨੂੰ ਦੇਇ ਕੇ ਸੁੱਚੇ ਦੀਆਂ ਨੂੰਹਾਂ ਧੀਆਂ ਤੁਰਾਈਆਂ ।
ਫੇਰ ਕਰਿ ਚੂਰਮੇ ਘਿਉ ਖੰਡ ਪਾਇ ਹਥੀਂ ਚੂਹੜਿਆਂ ਦੇ ਖਵਾਈਆਂ ।
ਜਦਿ ਫਰਬੀਆਂ ਹੋਵਨ ਤਾਂ ਦੇਵੈ ਟੰਗਾਇ ।
ਪਵਨਿ ਛਮਕਾਂ ਸੁੱਥਣਾਂ ਵਿਚਿ ਚੂਹੇ ਪਵਾਇ ।੨੩।

ਜੋ ਕੋਈ ਉਸ ਦਾ ਸਾਕੁ ਸੈਨੁ ਸੁਨਿ ਪਾਏ ।
ਭੇਜ ਆਦਮੀ ਤਿਸ ਨੂੰ ਪਕੜਿ ਮੰਗਾਏ ।
ਦੇਵੇ ਸਜ਼ਾਇ ਮਾਰੇ ਕੁੱਟੇ ਟਕੇ ਲਏ ।

---

[੨੭] ਬਦਲਾ ਲਿਆ ।

ਜੇ ਕੋਈ ਉਸ ਦੇ ਸਾਕ ਆਹੇ ਛੱਡਿ ਘਰ ਦੂਰ ਨੱਸ ਗਏ ।੨੪।

ਜੋ ਜੋ ਕੋਈ ਉਸ ਦੇ ਸੰਗੀ ਸਾਥੀ ਸਾਕ ਹਥਿ ਆਏ ।
ਸੋ ਪਾਇ ਰੱਸੇ ਅੰਗੀਂ ਲਟਕਾਏ ।
ਘਰਿ ਉਸ ਦੇ ਪੁੱਟੇ ਢਾਹੇ ਸਾਰੇ ਸਭ ਜਗ ਜਾਣੇ ।
ਤਬ ਬਹਾਦੁਰ ਸ਼ਾਹ[੨੮] ਭੇਜ ਆਦਮੀ ਏਹ ਬਚਨ ਵਖਾਣੇ ।੨੫।

ਸੁੱਚਾਨੰਦ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦਾ ਦੀਵਾਨ ਸੀ । ਇਹ ਜਾਤ ਦਾ ਖਤਰੀ ਸੀ ਤੇ ਇਸ ਦੀ ਗੋਤ 'ਪੁਰੀ' ਸੀ । ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ, ਤਾਂ ਸੁੱਚਾਨੰਦ ਨੇ ਨਵਾਬ ਨੂੰ ਭੜਕਾਉਂਦਿਆਂ ਆਖਿਆ ਸੀ ਕਿ ਇਹ (ਸਾਹਿਬਜ਼ਾਦੇ) ਸੱਪ ਦੇ ਬੱਚੇ ਹਨ, ਡੱਸਣਗੇ ਜ਼ਰੂਰ । ਸੁੱਚਾਨੰਦ ਨੇ ਵਜ਼ੀਰ ਖ਼ਾਨ ਨੂੰ ਸਲਾਹ ਦਿੱਤੀ ਕਿ ਸਾਹਿਬਜ਼ਾਦਿਆਂ ਨੂੰ ਮਲੇਰਕੋਟਲੇ ਦੇ ਸ਼ੇਰ ਮੁਹੰਮਦ ਦੇ ਹਵਾਲੇ ਕਰ ਦਿੱਤਾ ਜਾਣਾ ਚਾਹੀਦਾ ਹੈ, ਜਿਸ ਦੇ ਭਰਾ ਦੀ ਮੌਤ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਿਲਾਫ਼ ਯੁੱਧ ਕਰਦਿਆਂ ਹੋਈ ਸੀ । ਜਦੋਂ ਵਜ਼ੀਰ ਖ਼ਾਨ ਨੇ ਸ਼ੇਰ ਮੁਹੰਮਦ ਨੂੰ ਆਪਣੇ ਭਰਾ ਦਾ ਬਦਲਾ ਛੋਟੇ ਸਾਹਿਬਜ਼ਾਦਿਆਂ ਤੋਂ ਲੈਣ ਲਈ ਕਿਹਾ, ਤਾਂ ਸ਼ੇਰ ਮੁਹੰਮਦ ਨੇ ਜਵਾਬ ਦਿੱਤਾ ਕਿ ਦੁੱਧ ਪੀਂਦੇ ਬੱਚਿਆਂ ਨੂੰ ਮਾਰ ਕੇ ਸੰਸਾਰ ਵਿੱਚ ਅਪਜੱਸ ਹੀ ਮਿਲੇਗਾ । 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਰਤਨ ਸਿੰਘ ਭੰਗੂ ਲਿੱਖਦਾ ਹੈ : -

> ਔਰ ਖੱਤ੍ਰੀ ਹੁਤੋ ਸੁਚਾਨੰਦ ਨਾਮ । ਕਿਤ ਘੱਲਯੋ ਥੋ ਕਰਣ ਸਾਕ ਗੁਰਧਾਮ । ਗੁਰੂ ਨ ਮੰਨਯੋ ਉਸ ਰਖਯੋ ਯਾਦ । ਇਮ ਕਰ ਸਮਝਯੋ ਉਨ ਵਹਿ ਬਾਦ ।੨੧। ਉਨ ਕਹਯੋ, "ਨਬਾਬ, ਏ ਸਰਪ ਬਿਸੂਰੇ । ਛੋਟੇ ਬਡੇ ਏ ਡਸਗ ਜ਼ਰੂਰੇ । ਔਂ ਜੁ ਇਨ ਕੋਊ ਤੁਹਮਤ ਉਠਾਈ । ਤੁਹ ਤੇ ਨਾਂਹਿ ਸੇ ਦਿੱਤੀ ਜਾਈ ।੨੨। ਅਬ ਇਨ ਕੌਂ ਦੇ ਮਲੇਰੀਯਨ ਸੌਂਪਾਇ । ਮਾਰ ਜਿਨ੍ਹੈਂ ਹੈ ਕਈ ਭਿਰਾਇ । ਉਨ ਕੈ ਹੱਥੀਂ ਇਨ੍ਹੈਂ ਮਰਵਾਇ" । ਤਊ ਬਜੀਦੈ ਲਏ ਬੁਲਵਾਇ ।੨੩। ਸ਼ੇਰ ਮੁਹੰਮਦ ਬਡ ਉਨ ਥਾਯੋ । ਅਖਵਾਜ ਖਿਜਰ ਭੀ ਸਾਥੋ ਆਯੋ । "ਤੁਮਰੋ ਮਾਰਯੋ ਗੁਰ ਨਾਹਰ ਖ਼ਾਂ ਭਾਈ । ਉਸ ਬੇਟੇ ਤੁਮ ਦੇਹੁ ਮਰਵਾਈ" ।੨੪। ਦੋਹਰਾ - ਸ਼ੇਰ ਮੁਹੰਮਦ ਨਹਿੰ ਗਨੀ, ਬੋਲ੍ਯੋ ਸੀਸ ਹਿਲਾਇ । "ਹਮ ਮਾਰੈਂ ਸ਼ੀਰ ਖੋਰਿਆਂ, ਜਗ ਮੈਂ ਔਜਸ ਆਇ ।੨੫। ਚੌਪਈ - ਓਇ ਮੁਏ ਕਰ ਜੰਗ ਲਰਾਈ । ਮਾਰੈਂ ਸ਼ੀਰਖੋਰ ਕਵਾ ਬਡਿਆਈ" । ਉਠੇ, ਨ ਮਾਨੀ, ਹਾਹ ਨਾਰਾ ਮਾਰਾ । ਤੌ ਨਬਾਬ ਔਰ ਠਟਯੋ ਬਿਚਾਰਾ ।੨੬।

ਗਿਆਨੀ ਗਿਆਨ ਸਿੰਘ ਨੇ ਵੀ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਸੁੱਚਾਨੰਦ ਵੱਲੋਂ ਨਵਾਬ ਨੂੰ ਭੜਕਾਉਣ ਬਾਰੇ ਇਸ ਤਰ੍ਹਾਂ ਲਿੱਖਿਆ ਹੈ, "ਸੁਚਾਨੰਦ ਖਤ੍ਰੀ ਦਿਵਾਨ ਬੋਲ੍ਯਾ 'ਸੱਪ ਦੇ ਬੱਚਯਾਂ ਨੂੰ ਬੀ ਛਡਨਾ ਚੰਗਾ ਨਹੀਂ" ।

ਜ਼ਾਹਰ ਹੈ ਕਿ ਸੁੱਚਾਨੰਦ ਸਿੱਖਾਂ ਦੀ ਨਫ਼ਰਤ ਦਾ ਪਾਤਰ ਬਣ ਗਿਆ । ਸਿੱਖਾਂ ਨੇ ਉਸ ਨੂੰ 'ਝੂਠਾਨੰਦ' ਦਾ ਨਾਮ ਦਿੱਤਾ । 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿੱਚ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਬਾਬਾ ਬੰਦਾ ਸਿੰਘ ਜੀ ਨੇ ਉਸ ਖਤਰੀ (ਸੁੱਚਾਨੰਦ) ਨੂੰ ਪਕੜ ਮੰਗਵਾਇਆ ਤੇ ਉਸ ਦੇ ਨੱਕ ਵਿੱਚ ਨਕੇਲ ਪੁਆ ਕੇ ਬਾਜ਼ਾਰ ਵਿੱਚ ਘੁੰਮਾਉਣ ਦਾ ਹੁਕਮ ਦਿੱਤਾ । ਬਾਬਾ ਜੀ ਦੇ ਹੁਕਮ ਅਨੁਸਾਰ ਸੁੱਚਾਨੰਦ ਨੂੰ ਜੁੱਤੀਆਂ ਮਾਰਦੇ ਹੋਏ ਸ਼ਹਿਰ ਵਿੱਚ ਫਿਰਾਇਆ ਗਿਆ ਤੇ ਇੰਝ ਉਸ ਦੀ ਮੌਤ ਹੋਈ । 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਨੁਸਾਰ: -

---

[੨੮] ਬਹਾਦੁਰ ਸ਼ਾਹ ਭਾਰਤ ਦਾ ਸ਼ਹਿਨਸ਼ਾਹ ਸੀ ।

> ਬੰਦੇ ਸੋ ਖੱਤ੍ਰੀ ਮੰਗਵਾਯੋ । ਲੋਹ ਕੜੇ ਸੋਂ ਨਾਕ ਬਿਧਾਯੋ ॥੩੮॥ ਬਡੋ ਜੇਵੜੋ ਬੰਧਨ ਕੀਨ । ਐਂਚਿ ਚੰਡਾਲ ਹਵਾਲੇ ਦੀਨ । 'ਦਲ ਕੋ ਜੋ ਬਜਾਰ ਹੈ ਸਾਰਾ । ਲੇ ਇਸ ਫੇਰਹੁ ਸਕਲ ਮਝਾਰਾ ॥੩੯॥ ਇਕ ਬਿਰਾਟਕਾ ਹਾਟ ਮੰਗਾਵਹੁ । ਪਨਹੀ ਪੰਚ ਸੀਸ ਪਰ ਲਾਵਹੁ । ਇਸ ਬਿਧਿ ਫੇਰੇ ਸਦਾ ਫਿਰਾਵਹੁ । ਮਾਰਿ ਮਾਰਿ ਕਰਿ ਪ੍ਰਾਨ ਗਵਾਵਹੁ' ॥੪੦॥ ਸੁਨਿ ਕਰਿ ਹੁਕਮ ਫੇਰ ਤਿਸ ਰੀਤਿ । ਮਾਰ ਹੋਤਿ ਜੂਤਨ ਕੀ ਨੀਤ । ਇਮ ਗੁਰ ਦ੍ਰੋਹੀ ਮਾਰਯੋ ਮਰਯੋ । ਸੰਕਟ ਭੋਗਿ ਨਰਕ ਮਹਿਂ ਪਰਯੋ ॥੪੧॥

ਗਿਆਨੀ ਗਿਆਨ ਸਿੰਘ ਨੇ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਲਿੱਖਿਆ ਹੈ: -

> ਸੁਚਾਨੰਦ ਸੂਬੇ ਦਾ ਪੇਸ਼ਕਾਰ ਦੀਵਾਨ ਸੀ, ਉਸ ਦੇ ਨੱਕ ਵਿਚ ਨਕੇਲ ਪਵਾ ਕਰ ਰਿੱਛ ਵਾਂਗੂੰ ਟਪਾਉਂਦੇ ਹੋਏ ਓਸ ਦੇ ਸਾਮ੍ਹਣੇ ਓਸ ਦੇ ਸਬ ਸੰਬੰਧੀ ਔਰਤਾਂ ਮਰਦਾਂ ਨੂੰ ਭਾਰੀ ਬੇਦਰਦੀ ਨਾਲ ਜਿੰਕੂ ਓਸਨੇ ਸਾਹਿਬਜ਼ਾਦੇ ਨੀਂਹਾਂ ਵਿਚ ਚੁਣਵਾਏ ਕਤਲ ਕਰਾਏ ਸਨ, ਓਹੋਂ (ਦਹਿ ਦੁਨੀਆਂ ਸੱਤ੍ਰ ਆਖ਼ਰ) ਵਾਲੇ ਹਿਸਾਬ ਸੈਂ ਕੋਰੜਿਆਂ ਔਘੀਆਂ ਦੀ ਮਾਰ ਨਾਲ ਚਮੜੀਆਂ ਉਦੇੜ ਉਦੇੜ ਨੰਗੇ ਕਰ ਕੇ ਮਜ਼੍ਹਬੀ ਸਿੱਖਾਂ ਦੇ ਹੱਥ ਦੇ ਕੇ ਸਾਰੇ ਸ਼ੈਹਰ ਦੇ ਘਰ ਘਰ ਵਿੱਚੋਂ ਇਕ ਇਕ ਕੌਡੀ ਮੰਗਾ ਦਿਵਾਨ ਨੂੰ ਦਿਖਾ ਦਿਖਾ ਕਤਲ ਕਰ ਛਡਿਆ, ਔਰਤਾਂ ਨੀਲਾਮ ਕਰ ਕਢੀਆਂ, ਸੁਚਾਨੰਦ ਜੀਉਂਦਾ ਬੰਨ੍ਹਕੇ ਸਾੜਿਆ ਗਿਆ, ਕਯੋਂਕਿ ਗੁਰੂ ਦੇ ਮਾਸੂਮ ਬੇਗੁਨਾਹ ਬੱਚਿਆਂ ਨੂੰ ਕਸ਼ਟ ਦੇ ਕੇ ਕਤਲ ਕਰਾਏ ਜਾਣ ਦਾ ਅਤੀ ਘੋਰ ਪਾਪ ਦਾ ਕਾਰਨ ਏਹੋ ਸੀ, ਦੌਲਤ ਜੋ ਓਸਨੇ ਗਰੀਬਾਂ ਦੇ ਗਲ ਘੁਟ ਘੁਟ ਕੇ ਕੱਠੀ ਕੀਤੀ ਸੀ, ਓਸ ਨੇ ਓਸ ਨੂੰ ਏਡਾ ਸਖ਼ਤ ਦੰਡ ਦੇਵਾਇਆ, ਯਥਾ (ਪਾਪਾਂ ਬਾਝਹੁ ਹੋਵੈ ਨਾਹੀ ਮੁਇਆ ਸਾਥ ਨ ਜਾਈ) ਭਾਈ ਹੱਕ ਬੇਹੱਕ ਦੀ ਕਮਾਈ ਸੁਖਦਾਈ ਦੁਖਦਾਈ ਹੈ, ਹੁਣ ਦੇ ਕਾਨੂੰਨੀ ਏਸ ਪਰਸੰਗ ਨੂੰ ਪੜ੍ਹ ਸੁਣ ਕੇ ਏਸਨੂੰ ਬੇਹੱਕ ਦਰਜੇ ਦਾ ਜ਼ੁਲਮ ਹੋਇਆ ਦੱਸਣਗੇ, ਪਰ ਜ਼ਰਾ-ਕੁ ਪਲਕਾਂ ਚੁਕ ਕੇ ਜਦ ਓਸ ਸਮੇਂ ਦੇ ਹਾਕਮਾਂ ਦੇ ਜ਼ੁਲਮ ਤੇ ਹੁਣ ਦੇ ਕੰਮ ਹਾੜ੍ਹਨਗੇ ਤਾਂ ਆਪੇ ਕੈਹਣਗੇ ਏਹ ਸਜ਼ਾ ਕੁਛ ਭਾਰੀ ਨਹੀਂ ਹੋਈ ।

ਭਾਈ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿੱਚ ਲਿੱਖਿਆ ਹੈ ਕਿ ਸੁੱਚਾਨੰਦ ਦੀ ਅੱਠ ਸਾਲ ਦੀ ਬੇਟੀ ਬਾਬਾ ਬੰਦਾ ਸਿੰਘ ਜੀ ਨੇ ਚੰਡਾਲਾਂ ਨੂੰ ਦੇ ਦਿੱਤੀ, ਤਾਂਕਿ ਚੰਡਾਲ ਸੁੱਚਾਨੰਦ ਦੇ ਜਵਾਈ ਬਣਨ । ਦੇਖੋ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੧੦ ।

ਭਾਈ ਸੰਤੋਖ ਸਿੰਘ ਨੇ ਬਾਬਾ ਬੰਦਾ ਸਿੰਘ ਜੀ ਵੱਲੋਂ ਸਢੌਰਾ ਸ਼ਹਿਰ ਨੂੰ ਜਿੱਤ ਲੈਣ ਮਗਰੋਂ ਹੋਈ ਬੁਰਛਾਗਰਦੀ ਵਿੱਚ ਮੁਸਲਮਾਨ ਔਰਤਾਂ ਦੀਆਂ ਸਲਵਾਰਾਂ ਵਿੱਚ ਚੂਹੇ ਪਾਉਣ ਦੀ ਗੱਲ ਲਿੱਖੀ ਹੈ, ਦੇਖੋ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੨, ਅੰਸੂ ੮ ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸੰਪਾਦਨਾ ਕਰਦਿਆਂ ਭਾਈ ਵੀਰ ਸਿੰਘ ਜੀ ਨੇ ਇੱਕ ਫ਼ੁਟਨੋਟ ਵਿੱਚ ਲਿੱਖਿਆ ਹੈ, **"ਇਹ ਇਸਤ੍ਰੀਆਂ ਨੀਚ ਜਾਤਾਂ ਦੇ ਲੁਟੇਰੇ ਲੋਕਾਂ ਫੜੀਆਂ ਹਨ, ਸਿੰਘ ਧਰਮ ਧਾਰੀਆਂ ਨੂੰ ਤਾਂ ਆਗਯਾ ਹੀ ਨਹੀਂ ਹੈ"** । ਦੇਖੋ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸੰਪਾਦਕ ਭਾਈ ਵੀਰ ਸਿੰਘ ਜੀ, ਪੰਨਾ ੬੨੬੧ ।

ਜਾਪਦਾ ਹੈ ਕਿ ਮੁਗ਼ਲਾਂ ਦੇ ਜ਼ੁਲਮਾਂ ਦੀ ਸਤਾਈ ਹੋਈ ਆਮ ਜਨਤਾ ਨੇ ਹੀ ਬਦਲਾ ਲੈਣ ਲਈ ਅਜਿਹੀਆਂ ਕਾਰਵਾਈਆਂ ਕੀਤੀਆਂ। ਬਾਬਾ ਬੰਦਾ ਸਿੰਘ ਜੀ ਨੇ ਅਜਿਹੀ ਕਿਸੇ ਕਾਰਵਾਈ ਦਾ ਹੁਕਮ ਨਹੀਂ ਦਿੱਤਾ ਸੀ। ਬਲਕਿ ਇਤਿਹਾਸ ਦੇ ਵਿਸ਼ਲੇਸ਼ਣ ਤੋਂ ਤਾਂ ਇਹ ਲੱਗਦਾ ਹੈ ਕਿ ਸਰਹਿੰਦ ਵਿਖੇ ਆਮ ਲੋਕਾਂ ਤੇ ਹੋਰਨਾਂ ਲੁਟੇਰਿਆਂ ਦੀਆਂ ਕਾਰਵਾਈਆਂ ਦੇਖ ਕੇ ਬਾਬਾ ਜੀ ਨੇ ਲੁੱਟਮਾਰ ਤੇ ਕਤਲ ਆਦਿ ਨੂੰ ਰੋਕਣ ਦਾ ਹੁਕਮ ਦਿੱਤਾ।

## ਬਾਬਾ ਜੀ ਦੀਆਂ ਗੁਪਤ ਸ਼ਕਤੀਆਂ

ਬਾਬਾ ਬੰਦਾ ਸਿੰਘ ਬਹਾਦੁਰ ਜੀ ਦੀ ਮੁਗ਼ਲਾਂ ਵੱਲੋਂ ਕੀਤੀ ਗਈ ਗ੍ਰਿਫ਼ਤਾਰੀ ਦਾ ਜ਼ਿਕਰ ਕਰਦਿਆਂ ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

ਤਿਸ ਨੂੰ ਕਉਣ ਪਕੜ ਸਕੇ, ਉਹੁ ਚਾਹੇ ਤਾਂ ਉਡ ਜਾਏ।

ਇਸ ਤੋਂ ਪਹਿਲਾਂ ਵੀ ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

ਏਹ ਗੱਲ ਅਗੇ ਸਭ ਕਿਸੇ ਆਹੀ ਜ਼ਾਹਰਿ।
ਜੋ ਸਾਹਿਬ ਖਾਸ ਇਸ ਨੂੰ ਹੈ ਕੀਤਾ ਜਦਿ ਆਏ ਸੇ ਇਤ ਠਾਹਰ।
ਜਾਂਦੇ ਹੋਏ ਸਾਹਿਬ ਦਸਵਾਂ ਪਾਤਿਸ਼ਾਹ।
ਬਖਸ਼ ਹੈ ਕੀਤਾ ਜਾਮੇ ਬੈਰਾਗੀ ਬੰਦੇ ਕੇ ਮਾਹਿ ।੧੪।[੨੯]

ਅਸਲ ਵਿੱਚ ਇਹ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੇ ਨਾਮ ਨਾਲ ਜੁੜੀਆਂ ਕਰਾਮਾਤਾਂ ਵੱਲ ਇਸ਼ਾਰਾ ਹੀ ਹੈ, ਜੋ ਕੇਸਰ ਸਿੰਘ ਛਿੱਬਰ ਦੇ ਸਮੇਂ ਤਕ ਵੀ ਆਮ ਲੋਕਾਂ ਦੀ ਜ਼ੁਬਾਨ 'ਤੇ ਸਨ।

ਬਾਬਾ ਬੰਦਾ ਸਿੰਘ ਬਹਾਦੁਰ ਜੀ ਦੇ ਨਾਮ ਨਾਲ ਜੁੜੀਆਂ ਪ੍ਰਸਿੱਧ ਕਰਾਮਾਤੀ ਸ਼ਕਤੀਆਂ ਵਿੱਚੋਂ ਕੁੱਝ ਇਸ ਪ੍ਰਕਾਰ ਹਨ: - ਆਕਾਸ਼ ਵਿੱਚ ਉੱਡਣਾ, ਆਪਣੀ ਸ਼ਕਤੀ ਨਾਲ ਕਿਤੇ ਵੀ ਅੱਗ ਲਗਾ ਦੇਣੀ, ਜਿਸ ਨੂੰ ਚਾਹੇ, ਉਸੇ ਨੂੰ ਦੁੱਧ/ਪੁੱਤ/ਲੱਛਮੀ ਦਾ ਵਰ ਦੇਣਾ, ਧਰਤੀ ਹੇਠ ਲੁਕੀਆਂ ਵਸਤਾਂ ਦੀ ਜਾਣਕਾਰੀ ਪ੍ਰਾਪਤ ਕਰ ਲੈਣੀ, ਇਸਤਰੀ ਨੂੰ ਮਰਦ ਤੇ ਮਰਦ ਨੂੰ ਇਸਤਰੀ ਬਣਾ ਦੇਣਾ, ਹਵਾ ਚਲਾ ਦੇਣੀ, ਮੀਂਹ ਵਰਸਾ ਦੇਣਾ, ਆਸਮਾਨੀ ਬਿਜਲੀ ਗਿਰਾ ਦੇਣੀ, ਸ਼ੇਰ/ਬਘਿਆੜ ਆਦਿ ਦਾ ਬਾਬਾ ਜੀ ਅੱਗੇ ਮੂੰਹ ਖੋਲ੍ਹਣ ਤੋਂ ਅਸਮਰਥ ਹੋਣਾ, ਸੰਖੀਆ/ਅਫ਼ੀਮ/ਸ਼ਰਾਬ/ਭੰਗ/ਜ਼ਹਿਰ ਦਾ ਅਸਰ ਖ਼ਤਮ ਕਰ ਦੇਣਾ, ਕਿਸੇ ਨੂੰ ਵੀ ਵੱਸ ਵਿੱਚ ਕਰ ਲੈਣਾ ਆਦਿ।

ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਬਾਬਾ ਜੀ ਵੱਲੋਂ ਕੁੱਲੂ ਦੇ ਰਾਜੇ ਦੀ ਕੈਦ ਵਿੱਚੋਂ ਪਿੰਜਰੇ ਸਮੇਤ ਉੱਡ ਜਾਣ ਦਾ ਜ਼ਿਕਰ ਕੀਤਾ ਹੈ। ਭੰਗੂ ਨੇ ਬਾਬਾ ਜੀ ਵੱਲੋਂ ਦਿਖਾਈਆਂ ਗਈਆਂ ਕੁੱਝ ਹੋਰ ਕਰਾਮਾਤਾਂ ਦਾ ਵੀ ਉਲੇਖ ਕੀਤਾ ਹੈ।

ਗਿਆਨੀ ਗਿਆਨ ਸਿੰਘ ਨੇ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਲਿਖਿਆ ਹੈ: -

ਬਾਬੇ ਬੰਦੇ ਪਾਸ ਇਕ ਪੋਥੀ ਲੂਣੀਏ ਸਿਧ ਦੀ ਬਖ਼ਸ਼ੀ ਹੋਈ ਸੀ, ਜਿਸ ਵਿਚ ਚੌਹਟ ਵਿਦਿਆ ਪ੍ਰਸਿੱਧ ਸਨ। ਓਸ ਵਿਚ ਓਹ ਮੰਤ੍ਰ ਜੰਤ੍ਰ ਤੰਤ੍ਰ ਭੀ ਸਨ ਜਿਨ੍ਹਾਂ ਦੇ ਜੋਰ ਨਾਲ

---

[੨੯] ਪਰਗਟ ਹੋਈ ਜਗਤ ਗਲ, "ਕੀਯੋ ਬੰਦਾ ਭਰਪੂਰ"। - 'ਪ੍ਰਾਚੀਨ ਪੰਥ ਪ੍ਰਕਾਸ਼', ਕ੍ਰਿਤ ਰਤਨ ਸਿੰਘ ਭੰਗੂ।

> ਸਚੀ ਹਜਰਾਤ ਕਰਨੇ ਸੇ ਦੇਵਤਾ ਪਰੀਆਂ, ਮੁਵੱਕਲ, ਭੂਤ ਪ੍ਰੇਤ ਸਭ ਹਾਜ਼ਰ ਹੋ ਜਾਂਦੇ ਸੇ, ਮਨ ਭਾਏ ਕੰਮ ਉਨ੍ਹਾਂ ਤੋਂ ਕਰਾ ਲੈਂਦਾ ਸੀ, ਸਭ ਤਰ੍ਹਾਂ ਦੇ ਜਾਦੂ, ਰਸਾਇਣ ਤੇ ਪਾਰਸ ਕਰਕੇ ਦਿਖਾ ਦੇਂਦਾ ਸੀ ।

ਰਤਨ ਸਿੰਘ ਭੰਗੂ ਆਪਣੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਜੀ ਬਾਰੇ ਲਿੱਖਦਾ ਹੈ: -

> ਜਿਮੀ ਵੜੇ, ਕਦੇ ਉਤੇ ਅਕਾਸ਼ । ਦਿਸੇ ਨਹੀਂ ਵਹਿ ਜਾਵੈ ਪਾਸ । ੧੭ ।
> ਪੀਏ ਨ ਪਾਣੀ, ਅੰਨ ਨ ਖਾਇ । ਜਹਾਂ ਚਹੇ ਤਹਿਂ ਪਹੁੰਚੇ ਜਾਇ ।

ਭਾਵ, ਉਹ ਕਦੇ ਜ਼ਮੀਨ ਵਿੱਚ ਵੜ ਜਾਂਦਾ, ਕਦੇ ਆਕਾਸ਼ ਵਿੱਚ ਚੜ੍ਹ ਜਾਂਦਾ । ਜੇ (ਉਹ ਚਾਹੁੰਦਾ, ਤਾਂ) ਕਿਸੇ ਦੇ ਕੋਲ ਜਾ ਕੇ ਉਹ ਉਸ ਵਿਅਕਤੀ ਨੂੰ ਦਿਖਾਈ ਨਾ ਦਿੰਦਾ । ਨਾ ਉਹ (ਬਾਬਾ ਬੰਦਾ ਸਿੰਘ) ਪਾਣੀ ਪੀਂਦਾ, ਨਾ ਅੰਨ ਹੀ ਖਾਂਦਾ । ਉਹ ਜਿੱਥੇ ਚਾਹੁੰਦਾ, ਉਥੈਂ ਹੀ ਜਾ ਪੁੱਜਦਾ ।

ਬਾਬਾ ਜੀ ਬਾਰੇ ਅਜਿਹੀਆਂ ਗੱਲਾਂ ਸੁਣ ਕੇ ਡਰੇ ਹੋਏ ਬਾਦਸ਼ਾਹ ਬਹਾਦੁਰ ਸ਼ਾਹ ਨੇ ਆਪਣੇ ਜਾਸੂਸ ਬਾਬਾ ਜੀ ਕੋਲ ਇਹ ਜਾਣਨ ਲਈ ਭੇਜੇ ਕਿ ਉਹ (ਬਾਬਾ ਬੰਦਾ ਸਿੰਘ) ਕੋਈ ਦੇਵਤਾ ਹੈ ਕਿ ਮਨੁੱਖ । ਜਾਸੂਸਾਂ ਨੇ ਬਾਬਾ ਜੀ ਦੇ ਪੈਰਾਂ ਦੇ ਨਿਸ਼ਾਨ ਧਰਤੀ 'ਤੇ ਪੈਂਦੇ ਵੇਖੇ, ਬਾਬਾ ਜੀ ਦਾ ਪਰਛਾਵਾਂ ਬਣਦਾ ਵੀ ਵੇਖਿਆ ਤੇ ਆਖ਼ਿਰ ਆਪਣੀ ਰਿਪੋਰਟ ਬਾਦਸ਼ਾਹ ਨੂੰ ਭੇਜੀ ਕਿ ਉਹ (ਬਾਬਾ ਬੰਦਾ ਸਿੰਘ) ਇੱਕ ਮਨੁਖ ਹੀ ਹੈ, ਕੋਈ ਦੇਵਤਾ ਨਹੀਂ ।

ਹਕੀਕਤ ਤਾਂ ਇਹ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੀ ਅਸਲ ਤਾਕਤ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਸ਼ੀਰਵਾਦ ਸੀ । ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਇਤਿਹਾਸ ਦਾ ਮੂੰਹ ਮੋੜ ਕੇ ਰੱਖ ਦਿੱਤਾ, ਪਰ ਇਹ ਸਭ ਕੁੱਝ ਉਦੋਂ ਹੀ ਸੰਭਵ ਹੋਇਆ, ਜਦੋਂ ਉਨ੍ਹਾਂ ਨੇ ਗੁਰੂ ਕਲਗ਼ੀਧਰ ਸ੍ਰੀ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਨਾਲ ਖੰਡੇ ਦਾ ਅੰਮ੍ਰਿਤ ਛੱਕਿਆ ।

## ਤਲਵਾਰ ਹੈ ਉਹੀ

ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਜਦੋਂ ਪੰਜਾਬ ਵਿੱਚ ਤਰਥੱਲੀ ਮਚਾ ਦਿੱਤੀ, ਤਾਂ ਸ਼ਹਿਨਸ਼ਾਹ-ਏ-ਹਿੰਦ ਬਹਾਦੁਰ ਸ਼ਾਹ ਨੇ ਬਾਬਾ ਜੀ ਨੂੰ ਲਿੱਖ ਭੇਜਿਆ ਕਿ ਉਹ (ਬਹਾਦੁਰ ਸ਼ਾਹ) ਗੁਰੂ ਗੋਬਿੰਦ ਸਿੰਘ ਜੀ ਦਾ ਸੇਵਕ ਹੈ, ਪਰ ਤੂੰ (ਬਾਬਾ ਬੰਦਾ ਸਿੰਘ) ਕੌਣ ਹੈਂ? ਬਾਦਸ਼ਾਹ ਦਾ ਭਾਵ ਸੀ ਕਿ ਬਾਬਾ ਬੰਦਾ ਸਿੰਘ ਜੀ ਜੋ ਕੁਝ ਕਰ ਰਹੇ ਸਨ, ਉਹ ਗੁਰੂ ਹੁਕਮ ਅਨੁਸਾਰ ਨਹੀਂ ਸੀ । ਬਾਬਾ ਜੀ ਨੇ ਬੜਾ ਖ਼ੂਬਸੂਰਤ ਤੇ ਅਰਥਪੂਰਣ ਜਵਾਬ ਭੇਜਿਆ, "ਤਲਵਾਰ ਉਹ ਹੀ ਹੈ, ਮਿਆਨ ਹੋਰ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਹੀ ਮੈਂ ਇਹ ਯੁੱਧ ਕੀਤੇ ਹਨ" । ਕੇਸਰ ਸਿੰਘ ਛਿੱਬਰ ਨੇ ਇਸ ਦਾ ਜ਼ਿਕਰ ਇੰਞ ਕੀਤਾ ਹੈ: -

> ਤਬ ਬਹਾਦੁਰ ਸ਼ਾਹ ਭੇਜ ਆਦਮੀ ਏਹ ਬਚਨ ਵਖਾਣੇ ।੨੫।
>
> ਮੈਂ ਉਸ ਮਰਦ[੩੦] ਦਾ ਹਾਂ ਖਾਦਮੁ[੩੧] ਤੂੰ ਹੈਂ ਕਉਣ ?
> ਬਖਸੁ ਉਨ ਕੀਤਾ ਹੈ ਤੈਨੂੰ, ਸੋ ਬੈਠਾ ਭੋਗ ਤੂੰ ਨਿਜ ਭਉਨ ।

---

[੩੦] ਗੁਰੂ ਗੋਬਿੰਦ ਸਿੰਘ ਜੀ ।

[੩੧] ਸੇਵਕ ।

ਬੰਦੇ ਕਹਿਆ, "ਤਰਵਾਰ ਹੈ ਉਹੀ, ਮਿਆਨ ਅਉਰ ਹੈ ਚੜ੍ਹਿਆ ।
ਉਸ ਕੀ ਆਗਿਆ ਪਾਇ ਮੈਂ ਹਾਂ ਲੜ੍ਹਿਆ" ।੨੯।

ਤਬ ਬਹਾਦੁਰ ਸ਼ਾਹ ਭੇਜਿ ਆਦਮੀ ਕੀਤੀ ਲੜਾਈ ।
ਸੋ ਬੰਦੇ ਸਾਹਿਬ ਫਉਜ ਮਾਰਿ ਹਟਾਈ ।

'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਰਤਨ ਸਿੰਘ ਭੰਗੂ ਵੀ ਲਿੱਖਦਾ ਹੈ: -

ਬੰਦੈ ਕੋ ਸਤਿਗੁਰ ਇਮ ਕਹੀ । ਔਰ ਮਜਾਨ, ਤਲਵਾਰ ਹੈ ਵਹੀ ।

## ਰਾਜ ਧਰਮ

ਆਪਣਾ ਰਾਜ ਕਾਇਮ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਪੂਰੀ ਕੋਸ਼ਿਸ਼ ਕੀਤੀ ਕਿ ਰਾਜ-ਕਾਜ ਨੂੰ ਧਰਮ ਦੇ ਨਿਯਮਾਂ ਅਨੁਸਾਰ ਚਲਾਇਆ ਜਾਏ । ਫਿਰ ਵੀ, ਅਜਿਹੇ ਮੌਕੇ ਪੈਦਾ ਹੁੰਦੇ ਰਹੇ, ਜਦੋਂ ਕੁੱਝ-ਕੁ ਰਾਜ-ਕਰਮਚਾਰੀਆਂ ਨੇ ਧਰਮ ਦੇ ਨੇਮਾਂ ਤੋਂ ਉਲਟ ਕੰਮ ਕੀਤੇ । ਕੇਸਰ ਸਿੰਘ ਛਿੱਬਰ ਅਜਿਹੀ ਇੱਕ ਘਟਨਾ ਦਾ ਜ਼ਿਕਰ ਕਰਦਾ ਹੈ । ਬਾਬਾ ਜੀ ਦੇ ਰਾਜ ਦੇ ਇੱਕ ਫ਼ੌਜਦਾਰ ਨੇ ਕਿਸੇ ਵਿਅਕਤੀ ਨੂੰ ਮਾਰ ਕੇ ਉਸ ਦੀ ਪਤਨੀ ਨੂੰ ਜ਼ਬਰਦਸਤੀ ਆਪਣੇ ਨਾਲ ਰਹਿਣ ਲਈ ਮਜ਼ਬੂਰ ਕਰ ਦਿੱਤਾ । ਉਸ ਔਰਤ ਨੇ ਆਪਣੇ ਮ੍ਰਿਤਕ ਪਤੀ ਦਾ ਸੀਸ ਸੰਭਾਲ ਕੇ ਰੱਖਿਆ । ਇੱਕ ਦਿਨ ਉਹ ਬਾਬਾ ਬੰਦਾ ਸਿੰਘ ਜੀ ਦੇ ਸਾਹਮਣੇ ਜਾ ਪੇਸ਼ ਹੋਈ ਤੇ ਫ਼ੌਜਦਾਰ ਵੱਲੋਂ ਕੀਤੀ ਕਰਤੂਤ ਬਿਆਨ ਕਰ ਦਿੱਤੀ ।

ਧਰਮੀ ਨਿਆਂ ਕਰਤਾ ਬਾਬਾ ਬੰਦਾ ਸਿੰਘ ਜੀ ਨੇ ਉਸ ਫ਼ੌਜਦਾਰ ਨੂੰ ਬੁਲਾ ਲਿਆ । ਬਾਬਾ ਜੀ ਨੇ ਆਪਣੇ ਵਿਸ਼ਵਾਸ਼ ਪਾਤਰ ਸਿੰਘਾਂ, ਭਾਈ ਬਾਜ਼ ਸਿੰਘ ਜੀ, ਭਾਈ ਕੌਰ ਸਿੰਘ ਜੀ ਤੇ ਭਾਈ ਭਗਵੰਤ ਸਿੰਘ ਜੀ ਨੂੰ ਵੀ ਇਨਸਾਫ਼ ਕਰਨ ਲਈ ਬੁਲਾਇਆ । ਜਾਂਚ ਦੌਰਾਨ ਉਸ ਫ਼ੌਜਦਾਰ ਦਾ ਜੁਰਮ ਸਾਬਿਤ ਹੋ ਗਿਆ ।

ਬਾਬਾ ਜੀ ਨੇ ਉਸ ਫ਼ੌਜਦਾਰ ਲਈ ਮੌਤ ਦੀ ਸਜ਼ਾ ਦਾ ਹੁਕਮ ਦਿੱਤਾ । ਪਰ, ਹੇਠਲੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਉਹ ਫ਼ੌਜਦਾਰ ਬੱਚ ਨਿਕਲਿਆ ਤੇ ਐਵੇਂ ਹੀ ਇਹ ਪ੍ਰਭਾਵ ਦੇ ਦਿੱਤਾ ਗਿਆ ਕਿ ਉਸ ਫ਼ੌਜਦਾਰ ਨੂੰ ਮਾਰ ਦਿੱਤਾ ਗਿਆ ਹੈ ।

ਜਦੋਂ ਉਸ ਔਰਤ ਨੂੰ ਇਹ ਪਤਾ ਲੱਗਾ ਕਿ ਦੋਸ਼ੀ ਤਾਂ ਅਜੇ ਵੀ ਜੀਵਿਤ ਹੈ, ਉਹ ਮੁੜ ਬਾਬਾ ਜੀ ਅੱਗੇ ਜਾ ਪੇਸ਼ ਹੋਈ । ਹਕੀਕਤ ਜਾਣ ਕੇ ਬਾਬਾ ਜੀ ਬੜੇ ਤੜਪੇ । ਉਨ੍ਹਾਂ ਨੇ ਉਸ ਦੋਸ਼ੀ ਨੂੰ ਮੁੜ ਪਕੜ ਮੰਗਵਾਇਆ ਤੇ ਆਪਣੇ ਸਾਹਮਣੇ ਤੋਪ ਨਾਲ ਉਡਵਾ ਦਿੱਤਾ । ਬਾਬਾ ਜੀ ਨੇ ਬਚਨ ਕੀਤਾ ਕਿ ਜੋ ਰਾਜਾ ਨਿਆਂ ਨਹੀਂ ਕਰਦਾ, ਉਹ ਨਰਕ ਵਿੱਚ ਜਾਂਦਾ ਹੈ ।

ਕੇਸਰ ਸਿੰਘ ਛਿੱਬਰ ਇਸ ਸਾਰੀ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਇੰਝ ਬਿਆਨ ਕਰਦਾ ਹੈ: -

ਸਿੰਘਾਂ ਨੂੰ ਬੰਦਾ ਏਹ ਕਹੇ ।
"ਗਰੀਬ ਦੀ ਰੱਖਿਆ ਕਰੋ, ਗੱਭਰੂ ਨ ਕੋਈ ਰਹੋ ।
ਪਾਪ ਤਜੋ, ਧਰਮ-ਚਾਲ ਰਾਜ ਕਰੋ ।
ਵੈਰ ਗੁਰੂ ਕਾ ਲੀਜੈ, ਮਲੇਛ ਕੋ ਮਾਰਿ ਮਕਬਰੇ ਢਾਹਿ ਧਰੋ" ।੩੦।

ਵਿਗਾੜੀ ਅਉਰੰਗੇ[32] ਅਤੇ ਸੂਬੇ ਲਹੌਰ ਦੇ ਪੇਸ਼ ਸਭਨਾਂ ਦੇ ਆਈ ।
ਕਰੇ ਇਕ ਕੋਈ ਅਤੇ ਪਾਏ ਬਹੁਤੁ ਲੋਕਾਈ ।
ਅਸੂਲ ਕਰਮ ਹੈ ਸਾਂਝਾ ਸਰਬਤ ਦਾ ।
ਕਰਦਾ ਇਥੇ ਕੋਈ ਅਤੇ ਸਭਨਾਂ ਉਪਰ ਵਰਤਦਾ ।੩੧।

ਸਿਖ ਗੁਰੂ ਕਾ ਸੋਈ ਜੋ ਮਲੇਛ ਨਾਲ ਹੇਤ[33] ਨ ਕਰੇ ।
ਪੰਥ ਦਾ ਵਾਧਾ ਚਾਹੇ, ਧਰਮ ਚਾਲ ਚਲੇ ਪਾਪੋਂ ਫਿਰੇ ।
ਸੱਚ ਕਮਾਵੈ ਵਾਧਾ ਪਾਵੈ । ਮਾਸ, ਮੱਛੀ ਨਹੀਂ ਖਾਵੈ ।[34]
ਮੈਨੂੰ ਉਸ ਪੁਰਖ ਦਾ ਹੈ ਬਚਨੁ ਤੁਧ ਧਰਮ ਨੂੰ ਲਾਵੈ ।੩੨।

ਰਾਜੁ ਪਾਇਕੇ ਸਭ ਆਪੋ ਅਪਨੇ ਟਿਕਾਣੇ ਬੈਠ ਗਏ ।
ਬਹਾਦੁਰ ਸ਼ਾਹ ਏਡਾ ਪਿੱਛਾ ਬੰਦੇ ਦਾ ਨ ਕਏ ।
ਜਾਣੇ, ਉਸ ਪੁਰਖ ਦੀ ਹੈ ਬਰਕਤਿ ਏਹੁ ।
ਮਤ ਮਾਰ ਉਡਾਂਦਾ ਹੋਵੈ ਖੇਹ ।੩੩।

ਤਬ ਏਹ ਪੰਥ ਗੁਰੂ ਕਾ ਬੇਸਿਰ ਹੋਇ ਗਿਆ ।
ਰਾਜੁ ਪਾਇ ਜੁਲਮੀ ਕਰਤਾ ਭਇਆ ।[35]
ਬੰਦਾ ਸੀ ਨਿਰਲੇਪੀ, ਕਹੇ ਸਾਹਿਬ ਦੇ ਪੰਡ ਸੀ ਚਾਈ ।
ਏਹ ਹੋਏ ਬੇਸਰ, ਲਗੇ ਕਰਨ ਬੁਰਾਈ ।੩੪।

ਉਹੁ[36] ਪੁਕਾਰਿ ਪੁਕਾਰਿ ਕਹੇ: "ਸੱਚ ਨੂੰ ਲਗੋ, ਪਾਪ ਨਹੀਂ ਕਮਾਵਣਾ ।
ਬੁਰਿਆਈਓਂ ਫਲੁ ਬੁਰਾ ਹੀ ਪਾਵਣਾ ।"
ਇਕ ਸਿਰਦਾਰ ਸਿੱਖ ਕਰਿ ਭੇਜਿਆ ਸੀ ਫਉਜਦਾਰੁ ।
ਬਖਸ਼ੇ ਗਾਂਉ ਤੀਸੁ ਅਰੁ ਚਾਰੁ ।੩੫।

ਸੋ, ਤਿਸ ਕੈਸਾ ਹੈਸੀ ਨੀਚ ਕਰਮੁ ਕੀਤਾ ।
ਇਕ ਮਾਨਸ ਮਾਰਿ ਤਿਸ ਕਾ ਕਬੀਲਾ ਖੱਸ ਲੀਤਾ ।
ਤਿਸ ਨਾਰੀ, ਪਤਿ ਕਾ ਸੀਸੁ ਲੈ ਰਖਿਆ ਛਿਪਾਇ ।
ਆਪ ਰਹੀ ਘਰਿ ਤਿਸੇ ਕੇ ਆਇ ।੩੬।

---

[32] ਹਿੰਦੁਸਤਾਨ ਦਾ ਸ਼ਹਿਨਸ਼ਾਹ ਔਰੰਗਜ਼ੇਬ ।

[33] ਪਿਆਰ ।

[34] ਮਾਸ-ਮੱਛਲੀ ਨਾ ਖਾਣ ਦਾ ਹੁਕਮ ਬਾਬਾ ਜੀ ਨੇ ਆਪਣੇ ਇੱਕ ਹੁਕਮਨਾਮੇ ਵਿੱਚ ਦਿੱਤਾ ਹੈ, ਜੋ ੧੨ ਦਿਸੰਬਰ, ੧੭੧੦ ਈਸਵੀ ਨੂੰ ਜਾਰੀ ਕੀਤਾ ਗਿਆ ਸੀ । ਇਹ ਹੁਕਮਨਾਮਾ ਜੌਨਪੁਰ ਦੀ ਸੰਗਤ ਦੇ ਨਾਮ ਸੀ । ਦੇਖੋ, ਪੁਸਤਕ 'ਹੁਕਮਨਾਮੇ', ੬੭ਵਾਂ ਹੁਕਮਨਾਮਾ, ਸੰਪਾਦਕ ਡਾ. ਗੰਡਾ ਸਿੰਘ, ਪ੍ਰਕਾਸ਼ਕ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

[35] ਕੁੱਝ ਸਿੱਖਾਂ ਵੱਲੋਂ ਮਨ-ਆਈਆਂ ਕਰਨ ਵੱਲ ਇਸ਼ਾਰਾ ਹੈ ।

[36] ਬਾਬਾ ਬੰਦਾ ਸਿੰਘ ਬਹਾਦੁਰ ।

ਕੋਈ ਕਾਲ ਧਾਮ ਤਿਸ ਕੇ ਵਸਤ ਭਈ ।
ਜਬ ਦਾਉ ਲੱਗਾ, ਤਬ ਨਿਕਲ ਗਈ ।
ਪਤਿ ਕਾ ਸੀਸੁ ਲੈਕਰਿ ਨੱਸਿ ਆਈ ।
ਹਜ਼ੂਰਿ ਬੰਦੇ ਸਾਹਿਬ ਕੇ ਪਹੁਤੀ[੩੭] ਜਾਈ ।੩੭।

ਲਪੇਟਿ ਸੀਸੁ ਚੀਰ[੩੮] ਮੋ ਤਿਨ ਲੀਆ ।
ਬੰਦੇ ਸਾਹਿਬ ਕਾ ਆਇ ਦਰਸ਼ਨ ਕੀਆ ।
ਨਿਕਾਰਿ ਸੀਸੁ ਤਿਨ ਅੱਗੇ ਧਰਿਆ ।
'ਪਤਿ ਮੇਰਾ ਮਾਰਿਆ ਮੁਝ ਕੋ ਬਰਿਆ[੩੯]' ।੩੮।

ਮੈਂ ਦਾਵਨਗੀਰ ਦਰਗਾਹ ਵਿਚਿ ਹੋਸਾਂ ਤੇਰੀ ।
ਕਰ ਮੇਰਾ ਨਿਆਉਂ ਸ਼ਰਨ ਲਈ ਮੈਂ ਤੇਰੀ ।
[੪੦]ਭੇਜ ਆਦਮੀ ਸੋ ਪਕੜਿ ਮੰਗਾਇਆ ।
ਤਿਸ ਨਾਰੀ ਕੇ ਪਾਸ ਸੇ ਖੜਾ ਕਰਾਇਆ ।੩੯।

ਜਬਾਬੁ ਸੁਆਲ ਦੋਹਾਂ ਦੇ ਕਰਵਾਏ ।
ਬਾਜ਼ ਸਿੰਘ, ਕੌਰ ਸਿੰਘ, ਭਗਵੰਤ ਸਿੰਘ ਸੱਦਿ ਪਾਸ ਬਹਾਏ ।
ਜਬਾਬੁ ਸੁਆਲ ਵਿਚਿ ਸਿੱਖ ਝੂਠਾ ਪਾਇਆ ।
"ਤੋਪ ਅੱਗੇ ਉਡਾਉ ਤਿਸ ਨੂੰ" ਬੰਦੇ ਫੁਰਮਾਇਆ ।੪੦।

ਸਿਰਦਾਰ ਤਿਸ ਨੂੰ ਮਾਰਨ ਵਾਸਤੇ ਨਾਲਿ ਲੈ ਗਏ ।
ਸੋ ਛਡਿਆ ਛਿਪਾਇ, ਕਪੜੇ ਉਸ ਦੇ ਲਾਹਿ ਲਏ ।
ਕਾਠ[੪੧] ਦਾ ਪੁਤਲਾ ਕਰਿ ਕੱਪੜੇ ਤਿਸ ਨੂੰ ਪੈਨ੍ਹਾਏ ।
ਤਿਸ ਨਾਰੀ ਕਉ ਦਿਖਾਇ ਦਿੱਤਾ ਉਡਾਇ ।੪੧।

ਸੋ ਨਾਰੀ ਫਿਰ ਬੰਦੇ ਜੀ ਦੇ ਰੋ-ਬਰੋ ਆਈ ।
'ਮੈਂ ਨਿਆਉਂ ਨਹੀਂ ਪਾਇਆ, ਉਹ ਰੱਖਿਆ ਹੈ ਛਿਪਾਈ' ।
ਤਬ ਬੰਦੇ ਜੀ ਬਡੀ ਕਲਪਨਾ ਕੀਤੀ ।
ਵਹੁ ਜੀਵਤ ਮੰਗਾਇਆ, ਤੋਪ ਭਰ ਲੀਤੀ ।੪੨।

---

[੩੭] ਪੁੱਜੀ ।
[੩੮] ਕਪੜਾ ।
[੩੯] ਵਿਆਹਿਆ ।
[੪੦] ਬਾਬਾ ਬੰਦਾ ਸਿੰਘ ਜੀ ਨੇ ।
[੪੧] ਲੱਕੜ ।

ਦੀਆ ਉਡਾਇ ਮੁਖ ਤੇ ਇਉਂ ਕਹਿਆ ।
'ਰਾਜੇ ਚੁਲੀ ਨਿਆਉ ਕੀ' ਗ੍ਰੰਥਿ ਲਿਖਿਆ ਲਹਿਆ ।
ਨਿਆਉਂ ਨ ਕਰੇ ਤਾਂ ਨਰਕੇ ਜਾਏ ।
ਰਾਜਾ ਹੋਇਕੈ ਨਿਆਉਂ ਕਮਾਏ ।੪੩।[੪੨]

ਪੁਰਖਿ[੪੩] ਬਚਨ ਮੁਝਕੋ ਐਸੇ ਹੈ ਕੀਤਾ ।
ਮਾਰ ਪਾਪੀ ਮੈਂ ਵੈਰ ਪੁਰਖੁ ਦਾ ਲੀਤਾ ।
ਜੇ ਤੁਸੀਂ ਉਸ ਪੁਰਖੁ ਦੇ ਸਿੱਖ ਅਖਵਾਉ ।
ਤਾਂ ਪਾਪ, ਅਧਰਮ, ਅਨਿਆਉ ਨ ਕਮਾਉ ।੪੪।

'ਸਿੱਖ ਉਬਾਰ ਅਸਿੱਖ ਸੰਘਰੋ ।'
ਪੁਰਖ ਦਾ ਕਹਿਆ ਹਿਰਦੇ ਧਰੋ ।
ਦੇਖੋ ਅਸਿਖ, ਸੋ ਪਕੜ ਸੰਘਾਰੋ ।
ਭੇਖੀ, ਲੰਪਟ, ਪਾਪੀ ਚੁਨਿ ਮਾਰੋ ।੪੫।

ਚਾਰ ਭਾਗ ਪੁਰਖ ਪੰਥ ਹੈ ਬਣਾਇਆ ।
ਤ੍ਰੈ ਹਿਸੇ ਕੀਤੇ ਅਪਨੇ ਵਲਿ, ਚਉਥਾ ਹਿੱਸਾ ਧਰਮਰਾਇ ਵਲਿ ਹੈ ਲਾਇਆ ।
ਜੋ ਸਿੱਖ ਹੋਇ, ਸੋ ਗੁਰੂ ਵਲਿ ਆਏ ।
ਅਸਿੱਖ ਪਕੜਿਆ ਧਰਮਰਾਇ ਦੇ ਜਾਏ ।੪੬।

ਮੈਂ ਪਾਇ ਗਾਲੋਂਗਾ ਤੁਮ ਕੋ ਕੁਠਾਲੀ ।
ਤੁਸਾਂ ਪਕੜੀ ਹੈ ਅਧਰਮ, ਪਾਪ ਕੀ ਚਾਲੀ ।
ਸਾਹਿਬ ਦੇ ਘਰਿ ਹੈ ਨਿਆਉਂ, ਉਸ ਲੇਖਾ ਹੈ ਲੈਣਾ ।
ਉਸ ਦਿੱਤਾ ਹੈਸੀ ਤੁਸਾਂ ਨੂੰ ਰਾਜੁ, ਮੈਂ ਪਾਇਆ ਹੈ ਪੁਰਖ ਦਾ ਕਹਿਣਾ ।੪੭।

ਤੁਸਾਂ ਚੁੱਕੀ ਹੈ ਅਨੀਤ ਸੋ ਸਾਈ ਨੂੰ ਨਹੀਂ ਭਾਵੈ ।
ਏਹ ਚਾਲੀ ਅਨੀਤ ਦੀ ਮੈਨੂੰ ਖੁਸ਼ੀ ਨਾ ਆਵੈ ।

ਕੋਈ ਵੀ ਵਿਅਕਤੀ, ਇੱਥੋਂ ਤਕ ਕਿ ਸਰਕਾਰੀ ਅਧਿਕਾਰੀ ਤੇ ਹੁਕਮਰਾਨ ਵੀ, ਕਾਨੂੰਨ ਤੋਂ ਉੱਤੇ ਨਹੀਂ ਹੋ ਸਕਦਾ । ਇੱਕ ਰਾਜ-ਪ੍ਰਮੁੱਖ ਦਾ ਇਹ ਫ਼ਰਜ਼ ਹੈ ਕਿ ਉਹ ਦੋਸ਼ੀ ਨੂੰ ਸਜ਼ਾ ਜ਼ਰੂਰ ਦਏ, ਚਾਹੇ ਉਹ ਦੋਸ਼ੀ ਕਿਸੇ ਵੀ ਅਹੁਦੇ 'ਤੇ ਕਿਉਂ ਨਾ ਹੋਏ । ਇਹ ਹੀ ਸੱਚਾ ਰਾਜ ਧਰਮ ਹੈ, ਜਿਸ ਨੂੰ ਬਾਬਾ ਜੀ ਨੇ ਆਪਣੇ ਰਾਜ ਵਿੱਚ ਲਾਗੂ ਕਰਨ ਦਾ ਪੂਰਾ ਯਤਨ ਕੀਤਾ ।

## ਫ਼ਰੁਖ਼ਸੀਅਰ ਦਾ ਰਾਜ-ਕਾਲ

[੪੨] ਸੁਭਾਵਿਕ ਹੀ ਸੀ ਕਿ ਧਰਮ ਤੋਂ ਬੇਮੁਖ ਕੁੱਝ ਅਖੌਤੀ ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਦਾ ਵਿਰੋਧ ਕੀਤਾ ।
[੪੩] ਗੁਰੂ ਗੋਬਿੰਦ ਸਿੰਘ ਜੀ ਨੇ ।

ਜਦੋਂ ਫ਼ਰੁਖ਼ਸੀਅਰ ਦਿੱਲੀ ਦੇ ਤਖ਼ਤ 'ਤੇ ਬੈਠਿਆ, ਤਾਂ ਉਸ ਨੇ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੇ ਖ਼ਿਲਾਫ਼ ਸਖ਼ਤ ਕਦਮ ਚੁੱਕਣ ਦਾ ਫ਼ੈਸਲਾ ਕੀਤਾ। ਇਸੇ ਸਿਲਸਿਲੇ ਵਿੱਚ ਉਸ ਨੇ ਆਪਣੇ ਪ੍ਰਸਿੱਧ ਜਰਨੈਲਾਂ ਸ਼ੰਮਸ ਖ਼ਾਨ ਤੇ ਵਜੀਦ ਖ਼ਾਨ ਨੂੰ ਬਾਬਾ ਜੀ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਪੰਜਾਬ ਭੇਜਿਆ। ਉਹ ਦੋਵੇਂ ਲਾਹੌਰ ਆ ਪੁੱਜੇ।

ਜਦੋਂ ਸ਼ੰਮਸ ਖ਼ਾਂ (ਸ਼ੰਮਸ ਦੀਨ) ਦੇ ਦਿਨ ਪੂਰੇ ਹੋਏ, ਤਾਂ ਉਹ ਆਪਣੇ ਵਿਆਹ ਲਈ ਕਸੂਰ ਸ਼ਹਿਰ ਵੱਲ ਤੁਰਿਆ। ਬਾਬਾ ਬੰਦਾ ਸਿੰਘ ਜੀ ਨੂੰ ਪਤਾ ਲੱਗਾ, ਤਾਂ ਉਨ੍ਹਾਂ ਨੇ ਸਿੰਘਾਂ ਨੂੰ ਕਿਹਾ ਕਿ ਕੋਈ ਸੂਰਮਾ ਹੈ, ਜੋ ਸ਼ੰਮਸ ਖ਼ਾਂ ਨੂੰ ਮਾਰ ਕੇ ਆਏ ? ਸਿੰਘਾਂ ਨੇ ਉੱਤਰ ਦਿੱਤਾ ਕਿ ਬਾਬਾ ਜੀ, ਤੁਸੀਂ ਆਪ ਹੀ ਅਜਿਹੇ ਸੂਰਮੇ ਹੋ। ਇਹ ਜਵਾਬ ਸੁਣ ਕੇ ਬਾਬਾ ਜੀ ਚਾਲ੍ਹੀ-ਕੁ ਸਿੰਘਾਂ ਸਮੇਤ ਘੋੜਿਆਂ 'ਤੇ ਸਵਾਰ ਹੋ ਕੇ ਚਲ ਪਏ। ਅੱਗੇ ਵੱਧ ਕੇ ਬਾਬਾ ਜੀ ਨੇ ਕਸੂਰ ਸ਼ਹਿਰ ਨੂੰ ਜਾਂਦਾ ਰਸਤਾ ਰੋਕ ਲਿਆ। ਉਧਰ, ਸ਼ੰਮਸ ਖ਼ਾਂ ਆਪਣੀ ਫ਼ੌਜ ਨਾਲ ਕਸੂਰ ਵੱਲ ਵੱਧ ਰਿਹਾ ਸੀ। ਆਪਣੀ ਹੀ ਮੌਜ ਵਿੱਚ ਉਹ ਹਾਥੀ ਉਤੈ ਬੈਠਾ ਆਪਣੀ ਨਵੀਂ ਵਿਆਹੁਤਾ ਜ਼ਿੰਦਗੀ ਦੇ ਖ਼ਾਬ ਬੁਣਨ ਵਿੱਚ ਮਸਤ ਹੋਇਆ ਫਿਰਦਾ ਸੀ। ਬਾਬਾ ਜੀ ਨੇ ਉਸ ਨੂੰ ਦੂਰੋਂ ਹੀ ਦੇਖ ਲਿਆ ਤੇ ਬਿਜਲੀ ਵਾਂਗ ਉਸ ਉਤੈ ਜਾ ਪਏ। ਪਹਿਲਾਂ ਉਸ ਨੂੰ ਇੱਕ ਤੀਰ ਮਾਰਿਆ। ਫਿਰ ਨੇਜ਼ੇ ਨਾਲ ਉਸ ਨੂੰ ਹਾਥੀ ਤੋਂ ਥੱਲੇ ਸੁੱਟ ਲਿਆ। ਬਿਜਲੀ ਵਰਗੀ ਫੁਰਤੀ ਨਾਲ ਬਾਬਾ ਜੀ ਨੇ ਉਸ ਦਾ ਸਿਰ ਵੱਢ ਕੇ ਨੇਜ਼ੇ 'ਤੇ ਟੰਗ ਲਿਆ ਤੇ ਕੁੱਝ ਹੀ ਪਲਾਂ ਵਿੱਚ ਆਪਣੇ ਜੱਥੇ ਵਿੱਚ ਜਾ ਪੁੱਜੇ।

ਉਸ ਤੋਂ ਮਗਰੋਂ, ਬਾਬਾ ਬੰਦਾ ਸਿੰਘ ਜੀ ਵਜੀਦ ਖ਼ਾਨ ਦੇ ਦੁਆਲੇ ਹੋ ਗਏ। ਮੁਗ਼ਲ ਫ਼ੌਜ ਵਿੱਚ ਭਗਦੜ੍ਹ ਮੱਚ ਗਈ। 'ਨਿਹਕਲੰਕ ਆ ਗਿਆ, ਕਲਕੀ ਅਵਤਾਰ ਆ ਗਿਆ' ਚੀਖਦੀ ਹੋਈ ਫ਼ੌਜ ਇੱਧਰ-ਉਧਰ ਭੱਜਣ ਲੱਗੀ। ਇਸੇ ਭਗਦੜ ਵਿੱਚ ਵਜੀਦ ਖ਼ਾਂ ਸਖ਼ਤ ਜ਼ਖ਼ਮੀ ਹੋ ਗਿਆ ਤੇ ਘਰ ਪਰਤਦਿਆਂ ਉਸ ਦੀ ਮੌਤ ਹੋ ਗਈ।

ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

> ਸੰਮਤੁ ਸਤਾਰਾਂ ਸੈ ਗਿਆ ਪੰਝਤ੍ਰ।
> ਫਰੁਖ਼ਸਿਯਰ ਸੀ ਬੈਠਾ ਤਖਤੁ ਦਿਲੀ ਸਿਰਿ ਧਰਿ ਛਤ੍ਰ।੪੮।
>
> ਸ਼ੰਮਸ ਖ਼ਾਂ, ਵਜੀਦ ਖ਼ਾਂ ਚੜ੍ਹਿ ਧਾਏ।
> ਪਈ ਲੜਾਈ, ਸੋ ਬੰਦੇ ਮਾਰਿ ਖਪਾਏ।

## ਗੁਰਦਾਸਪੁਰ ਵਿੱਚ ਘਿਰ ਜਾਣਾ ਤੇ ਗ੍ਰਿਫ਼ਤਾਰੀ

ਯੁੱਧ ਵਿੱਚ ਸਫਲਤਾ ਨਾ ਮਿਲਦੀ ਵੇਖ ਕੇ ਫ਼ਰੁਖ਼ਸਿਅਰ ਨੇ ਡੂੰਘੀ ਚਾਲ ਚਲੀ। ਉਸ ਨੇ ਪੰਜਾਬ ਦੇ ਕੁੱਝ ਸਿੱਖਾਂ ਨੂੰ ਧਨ ਦਾ ਲਾਲਚ ਦੇ ਕੇ ਆਪਣੇ ਵੱਲ ਕਰ ਲਿਆ। ਇਨ੍ਹਾਂ ਦੀ ਅਗਵਾਈ ਕਾਹਨ ਸਿੰਘ ਕਰ ਰਹੇ ਸਨ[੪੪]। ਇਤਿਹਾਸ ਦੀਆਂ ਪੁਸਤਕਾਂ ਵਿੱਚ ਮੁਗ਼ਲਾਂ ਨਾਲ ਰੱਲਣ ਵਾਲੇ ਸਿੱਖਾਂ ਨੂੰ 'ਤੱਤ ਖ਼ਾਲਸਾ' ਕਿਹਾ ਗਿਆ ਹੈ ਤੇ ਬਾਬਾ ਬੰਦਾ ਸਿੰਘ ਜੀ ਦੀ ਸੰਗਤ ਵਿੱਚ ਰਹਿਣ ਵਾਲੇ ਸਿੱਖਾਂ ਨੂੰ 'ਬੰਦਈ' ਆਖਿਆ ਗਿਆ ਹੈ। ਮੁਗ਼ਲਾਂ ਤੋਂ ਧਨ ਪ੍ਰਾਪਤ ਕਰ ਕੇ 'ਤੱਤ ਖ਼ਾਲਸੇ' ਨੇ ਬਾਬਾ ਬੰਦਾ ਸਿੰਘ ਜੀ ਨਾਲ ਝੜਪਾਂ ਵੀ ਕੀਤੀਆਂ। ਇੱਕ ਪਾਸੇ ਮੁਗ਼ਲ ਫ਼ੌਜ ਤੇ ਦੂਜੇ ਪਾਸੇ 'ਤੱਤ ਖ਼ਾਲਸੇ' ਦਾ ਮੁਕਾਬਲਾ ਕਰਦੇ-ਕਰਦੇ ਬਾਬਾ ਬੰਦਾ ਸਿੰਘ ਜੀ ਤੇ ਬੰਦਈ ਸਿੰਘ ਗੁਰਦਾਸਪੁਰ ਵਿੱਚ ਆ ਵੜੇ। ਇੱਥੇ ਦੁਨੀ ਚੰਦ ਦੀ ਇੱਕ ਹਵੇਲੀ ਸੀ। ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਬੰਦਈ ਇਸ ਹਵੇਲੀ ਵਿੱਚ ਚਲੇ ਗਏ।

---

[੪੪] ਕਾਹਨ ਸਿੰਘ ਨਾਲ ਸੰਬੰਧਿਤ ਇੱਕ ਘਟਨਾ ਦੇ ਵਿਵਰਣ ਲਈ ਪੜ੍ਹੋ ਲੇਖ: - 'ਇਤਿਹਾਸ ਦਾ ਇੱਕ ਕੋਝਾ ਪੰਨਾ', ਲੇਖਕ - ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ'।

ਮੁਗ਼ਲਾਂ ਨੇ ਸਮਝੌਤੇ ਦੀ ਗੱਲ ਸ਼ੁਰੂ ਕੀਤੀ, ਪਰ ਧੋਖੇ ਨਾਲ ਗੁਰਦਾਸਪੁਰ ਦੀ ਇਸ ਹਵੇਲੀ ਨੂੰ ਘੇਰਾ ਪਾ ਲਿਆ। ਜੰਗ ਸ਼ੁਰੂ ਹੋ ਗਈ। ਮੁਗ਼ਲਾਂ ਤੇ ਉਨ੍ਹਾਂ ਦੇ ਸਾਥੀਆਂ ਦਾ ਇਰਾਦਾ ਬਾਬਾ ਬੰਦਾ ਸਿੰਘ ਜੀ ਨੂੰ ਇਸ ਹਵੇਲੀ ਵਿੱਚੋਂ ਕੱਢਣ ਦਾ ਸੀ, ਪਰ ਇਹ ਇੰਨਾ ਸੌਖਾ ਕੰਮ ਵੀ ਨਹੀਂ ਸੀ। ਕੇਸਰ ਸਿੰਘ ਛਿੱਬਰ ਨੇ ਮੁਗ਼ਲਾਂ ਵੱਲੋਂ ਸਿੰਘਾਂ ਨੂੰ ਗੁਰਦਾਸਪੁਰ ਵਿੱਚ ਘੇਰ ਲੈਣ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ: -

ਲੜਦੇ ਭਿੜਦੇ ਸਿੰਘ, ਮਦ੍ਰ ਦੇਸ[੪੫] ਨੂੰ ਆਏ।
ਆਇ ਗੁਰਦਾਸਪੁਰੇ[੪੬] ਵਿਚਿ ਡੇਰਾ ਪਾਏ।
ਸਮਦ ਖ਼ਾਂ ਮੁਗ਼ਲ ਦਿੱਲੀ ਤੇ ਚੜ੍ਹਿ ਆਇਆ।
ਰਾਇਪੁਰ ਬਰਾਇਪੁਰ ਤਿਨ ਡੇਰਾ ਲਾਇਆ।੫੦।

ਲੋਕ ਗਿਰਦੇ ਦੇ ਪਹਾੜੀਏ ਬੁਲਾਏ।[੪੭]
ਸਭਨਾਂ ਰਲਿ ਗੁਰਦਾਸਪੁਰ ਨੂੰ ਘੇਰਾ ਪਾਏ।
ਰੋਜ਼ ਲੜਾਈ ਹੋਵੈ ਨਿੱਤ।
ਬੰਦਾ ਨਹੀਂ ਨਿਕਲੇ, ਮੱਲਿ ਬੈਠਾ ਵਿਚਿ।੫੧।

ਘੇਰਾ ਕਈ ਮਹੀਨੇ ਚੱਲਿਆ। ਘੇਰੇ ਵਿੱਚ ਫਸੇ ਸਿੰਘਾਂ ਕੋਲ ਆਪਣੇ ਵਾਸਤੇ ਅਨਾਜ ਤੇ ਘੋੜਿਆਂ ਵਾਸਤੇ ਘਾਹ ਆਦਿ ਨਾ ਰਿਹਾ। ਕੁੱਝ ਚਿਰ ਤਾਂ ਸਿੰਘ ਹਵੇਲੀ ਵਿੱਚੋਂ ਨਿਕਲ ਕੇ ਮੁਗ਼ਲਾਂ ਦਾ ਰਾਸ਼ਨ ਆਦਿ ਲੁੱਟ ਕੇ ਹੀ ਕੰਮ ਚਲਾਉਂਦੇ ਰਹੇ, ਪਰ ਮਗਰੋਂ ਇਹ ਵੀ ਸੰਭਵ ਨਾ ਰਿਹਾ। ਸਿੰਘ ਖ਼ੁਦ ਤਾਂ ਭੁੱਖੇ ਰਹਿ ਸਕਦੇ ਸਨ, ਪਰ ਬੇਜ਼ੁਬਾਨ ਘੋੜਿਆਂ ਨੂੰ ਭੁੱਖਾ ਦੇਖਣਾ ਉਨ੍ਹਾਂ ਲਈ ਤਕਲੀਫ਼ਦੇਹ ਸੀ। ਜਦੋਂ ਉਨ੍ਹਾਂ ਨੇ ਦੇਖਿਆ ਕਿ ਘੋੜਿਆਂ ਲਈ ਘਾਹ-ਦਾਣੇ ਆਦਿ ਦਾ ਇੰਤਜ਼ਾਮ ਨਹੀਂ ਹੋ ਸਕਦਾ, ਤਾਂ ਉਨ੍ਹਾਂ ਨੇ ਆਪਣੇ ਘੋੜਿਆਂ ਨੂੰ ਖੁੱਲ੍ਹਾ ਛੱਡ ਦਿੱਤਾ, ਤਾਂ ਕਿ ਉਹ ਜਿੱਥੇ ਚਾਹੁਣ, ਚਲੇ ਜਾਣ। ਸਿੰਘਾਂ ਦੇ ਛੱਡੇ ਹੋਏ ਘੋੜੇ ਮੁਗ਼ਲਾਂ ਨੇ ਪਕੜ ਲਏ। ਕੇਸਰ ਸਿੰਘ ਛਿੱਬਰ ਲਿੱਖਦਾ ਹੈ : -

ਅੰਦਰ ਨ ਅਨਾਜੁ, ਨ ਘਾਹੁ, ਨ ਲੱਕੜੀ।
ਹੋਇ ਦਿਕ[੪੮], ਨਾਲੇ ਭੁੱਖੇ ਘੋੜੇ ਦਿਤੇ ਛੱਡ, ਉਨ੍ਹਾਂ ਲਏ ਪਕੜੀ[੪੯]।

ਬਾਅਦ ਦੇ ਲੇਖਕਾਂ ਨੇ ਆਪਣੇ ਕੋਲੋਂ ਹੀ ਇਹ ਲਿੱਖ ਦਿੱਤਾ ਕਿ ਸਿੰਘਾਂ ਨੇ ਘੋੜੇ ਮਾਰ ਕੇ ਉਨ੍ਹਾਂ ਦਾ ਮਾਸ ਖਾ ਲਿਆ।

ਇਸ ਘੇਰੇ ਵਿੱਚ ਬਹੁਤ ਸਾਰੇ ਬੰਦਈ ਮਾਰੇ ਗਏ। ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

ਬਹੁਤੁ ਸਿੱਖ ਮਾਰੇ, ਤੱਤੇ[੫੦] ਬਹੁਤੇ ਹੋਏ।

---

[੪੫] ਪੰਜਾਬ ਦਾ ਦੇਸੀ ਨਾਮ। ਲਫ਼ਜ਼ 'ਪੰਜਾਬ' ਵਿਦੇਸ਼ੀ ਲੋਕਾਂ ਦੀ ਦੇਣ ਹੈ।
[੪੬] ਪੰਜਾਬ ਦਾ ਇੱਕ ਸ਼ਹਿਰ।
[੪੭] ਕੁੱਝ ਪਹਾੜੀ ਰਾਜਿਆਂ ਨੇ ਵੀ ਮੁਗ਼ਲ ਫ਼ੌਜ ਦਾ ਸਾਥ ਦਿੱਤਾ।
[੪੮] ਤੰਗ।
[੪੯] ਸਿੰਘਾਂ ਵੱਲੋਂ ਛੱਡੇ ਘੋੜੇ ਮੁਗ਼ਲਾਂ ਨੇ ਪਕੜ ਲਏ।

ਪਾਪਾਂ ਦੇ ਫਲ ਆਇ ਲਗੇ ਅੰਤ ਰੋਏ ।

ਕੇਸਰ ਸਿੰਘ ਛਿੱਬਰ ਨੇ ਇੱਕ ਸਿੱਖ ਫ਼ੌਜਦਾਰ ਦਾ ਜ਼ਿਕਰ ਕੀਤਾ ਹੈ, ਜਿਸ ਨੇ ਇੱਕ ਇਸਤਰੀ ਨੂੰ ਜ਼ਬਰਦਸਤੀ ਆਪਣੇ ਕੋਲ ਰੱਖ ਲਿਆ ਸੀ । ਭਾਵੇਂ ਬਾਬਾ ਜੀ ਨੇ ਉਸ ਦੁਸ਼ਟ ਨੂੰ ਮੌਤ ਦੀ ਸਜ਼ਾ ਦਿੱਤੀ, ਪਰ ਉਸ ਫ਼ੌਜਦਾਰ ਨੇ ਇਹ ਕੁਕਰਮ ਉਸ ਰਾਜ-ਸੱਤਾ ਦਾ ਹਿੱਸਾ ਬਣ ਕੇ ਹੀ ਕੀਤਾ ਸੀ, ਜਿਸ ਦੀ ਅਗਵਾਈ ਖ਼ੁਦ ਬਾਬਾ ਬੰਦਾ ਸਿੰਘ ਬਹਾਦੁਰ ਜੀ ਵਰਗੇ ਧਰਮੀ ਹੁਕਮਰਾਨ ਕਰ ਰਹੇ ਸਨ । ਫ਼ੌਜਦਾਰ ਵੱਲੋਂ ਕੀਤੇ ਗਏ ਇਸ ਕੁਕਰਮ ਦੀ ਨੈਤਿਕ ਜ਼ਿੰਮੇਵਾਰੀ ਤੋਂ ਅਸਲ ਹੁਕਮਰਾਨ ਬੱਚ ਨਹੀਂ ਸੀ ਸਕਦਾ । ਇਸੇ ਪ੍ਰਕਾਰ ਦੀਆਂ ਘਟਨਾਵਾਂ ਨੂੰ ਕੇਸਰ ਸਿੰਘ ਛਿੱਬਰ 'ਪਾਪ' ਕਹਿੰਦਾ ਹੈ, ਤੇ ਫਿਰ ਲਿੱਖਦਾ ਹੈ, "**ਪਾਪਾਂ ਦੇ ਫਲ ਆਇ ਲਗੇ**" ।

ਕੇਸਰ ਸਿੰਘ ਅੱਗੇ ਲਿੱਖਦਾ ਹੈ: -

ਬਚਨ ਗੁਰੂ ਕਾ ਜੋ ਕੋਈ ਸਤਿ ਕਰਿ ਜਾਣੈ ।
ਸੋਈ ਸੁਖ ਪਾਏ, ਨ ਕਰੇ ਮਨ ਦੇ ਭਾਣੇ ।੫੩।

'ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥'
ਗ੍ਰੰਥ ਸਾਹਿਬ ਵਿਚਿ ਛਡਿਆ ਹੈ ਲਿਖਾਇ ।
ਬੰਦਾ ਅਪਨੇ ਜੇਹਾ ਰਿਹਾ ਸੀ ਪੁਕਾਰੁ ਪੁਕਾਰੁ ।
"ਗਾਲੋਂਗਾ ਕੁਠਾਲੀ ਨ ਕਰੋ ਵਿਕਾਰ" ।੫੪।[੫੧]

ਰਾਜ ਪਾਇ ਜੋ ਕਰੇ ਬੁਰਿਆਈ ।
ਉਸ ਭਕੂਏ ਅਪਣੀ ਅਕਲ ਗਵਾਈ ।
ਸਾਂਈ ਵਿਸਾਰਿ ਕੀਤੇ ਮਨਭਾਣੇ ।
'ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥" ।੫੫।

ਬੰਦੇ ਸਾਹਿਬ ਭੀ ਅਪਣਾ ਆਪ ਪਕੜਾਇਆ ।
ਸੋ ਕਿਤ ਵਾਸਤੇ ? ਜੋ ਰਾਜਧਾਨੁ ਹੈਸੀ ਖਾਇਆ ।

ਸਪਸ਼ਟ ਹੈ ਕਿ ਕਿਸੇ ਵੀ ਧਰਮੀ ਰਾਜ-ਪ੍ਰਮੁਖ ਵਾਂਗੂੰ ਬਾਬਾ ਜੀ ਨੇ ਆਪਣੀ ਅਗਵਾਈ ਵਿੱਚ ਹੋਈ ਹਰ ਕਾਰਵਾਈ ਦੀ ਨੈਤਿਕ ਜ਼ਿੰਮੇਵਾਰੀ ਕਬੂਲ ਕੀਤੀ ।

ਜਦੋਂ ਬਾਬਾ ਜੀ ਨੇ ਦੇਖਿਆ ਕਿ ਹੁਣ ਯੁੱਧ ਕਰਨਾ ਸੰਭਵ ਨਹੀਂ, ਤਾਂ ਉਨ੍ਹਾਂ ਨੇ ਸਿੰਘਾਂ ਨੂੰ ਜੰਗ ਬੰਦ ਕਰਨ ਲਈ ਕਿਹਾ । ਘੇਰੇ ਵਿੱਚ ਫਸੇ ਕੁੱਝ ਸਿੰਘਾਂ ਨੇ ਭਾਈ ਬਾਜ਼ ਸਿੰਘ ਜੀ ਨੂੰ ਕਿਹਾ, "ਬਾਬਾ ਜੀ ਨੇ ਸਾਨੂੰ ਯੁਧ ਕਰਨ ਤੋਂ ਮਨ੍ਹਾਂ ਕਰ ਦਿੱਤਾ ਹੈ । ਅਸੀਂ ਇੱਥੇ ਫੱਸ ਗਏ ਹਾਂ । ਜਦੋਂ ਹੋਰ ਔਖਾ ਸਮਾਂ ਆਇਆ, ਤਾਂ ਬਾਬਾ ਜੀ ਤਾਂ ਇੱਥੋਂ ਉਡ ਕੇ ਨਿਕਲ ਜਾਣਗੇ, ਪਰ ਅਸੀਂ ਫੜੇ ਜਾਵਾਂਗੇ । ਜਾ ਕੇ ਬਾਬਾ ਜੀ ਨੂੰ ਆਖੋ" ।

---

[੫੦] ਤੁਰਕ, ਮੁਸਲਮਾਨ ।

[੫੧] ਜ਼ਾਹਿਰ ਹੈ ਕਿ ਬਾਬਾ ਬੰਦਾ ਸਿੰਘ ਜੀ ਸਿੱਖਾਂ ਨੂੰ ਵਿਕਾਰ ਕਰਨ ਤੋਂ ਸਖ਼ਤੀ ਨਾਲ ਰੋਕਦੇ ਰਹੇ ਸਨ ।

ਭਾਈ ਬਾਜ਼ ਸਿੰਘ ਜੀ ਨੇ ਜਵਾਬ ਦਿੱਤਾ, "ਬਾਬਾ ਜੀ ਜਾਣੀ ਜਾਣ ਹਨ। ਉਨ੍ਹਾਂ ਨੂੰ ਕੁੱਝ ਕਹਿਣ ਦੀ ਲੋੜ ਨਹੀਂ। ਅਸੀਂ ਉਨ੍ਹਾਂ ਦੇ ਅੱਗੇ ਆਪਣਾ ਸਿਰ ਦੇ ਸਿੱਖੀ ਧਰਮ ਨਿਭਾਵਾਂਗੇ।"

ਜਦੋਂ ਸਿੰਘਾਂ ਨੇ ਭਾਈ ਬਾਜ਼ ਸਿੰਘ ਜੀ ਨੂੰ ਜ਼ੋਰ ਦੇ ਕੇ ਫਿਰ ਇਹ ਹੀ ਗੱਲ ਆਖੀ, ਤਾਂ ਸਿੰਘਾਂ ਦੀ ਗੱਲ ਮੰਨ ਕੇ ਭਾਈ ਬਾਜ਼ ਸਿੰਘ ਜੀ ਉਨ੍ਹਾਂ ਨੂੰ ਬਾਬਾ ਜੀ ਕੋਲ ਲੈ ਗਏ। ਬੰਦਈਆਂ ਦੀ ਸ਼ੰਕਾ ਸਿਰਫ਼ ਇੰਨੀ ਹੀ ਸੀ ਕਿ ਬਾਬਾ ਜੀ ਤਾਂ ਉਡ ਕੇ ਇੱਥੋਂ ਚਲੇ ਜਾਣਗੇ, ਬਾਕੀ ਸਿੰਘਾਂ ਦਾ ਕੀ ਹੋਏਗਾ? ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਲਿੱਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੇ ਸਿੰਘਾਂ ਨੂੰ ਜਵਾਬ ਦਿੱਤਾ: -

> ਭਲੀ ਬੁਰੀ ਤੁਮ ਸੰਗ ਨਿਬਾਹੋਂ। ਸੱਤਿਬਚਨ ਅਬ ਉਡ ਨਹਿਂ ਜਾਵੋਂ।

ਭਾਵ, ਜੋ ਵੀ ਭਲੀ ਜਾਂ ਬੁਰੀ ਹੋਏ, ਮੈਂ ਤੁਹਾਡੇ ਨਾਲ ਹੀ ਨਿਭਾਵਾਂਗਾ। ਮੇਰੇ ਇਸ ਵਚਨ ਨੂੰ ਸੱਚਾ ਸਮਝੋ ਕਿ ਹੁਣ ਮੈਂ ਇਸ ਘੇਰੇ ਵਿੱਚੋਂ ਉਡ ਕੇ ਨਹੀਂ ਜਾਵਾਂਗਾ।

ਰਤਨ ਸਿੰਘ ਭੰਗੂ ਅੱਗੇ ਲਿੱਖਦਾ ਹੈ: -

> ਯਾਂਤੇ ਬੰਦੇ ਉਡਨੋ ਛੋਡਯੋ। ਮਰ ਸੁ ਗਯੋ, ਅਰ ਪ੍ਰਣ ਨਹਿਂ ਛੋਡਯੋ।

ਭਾਵ, ਇਸ ਕਾਰਣ ਬਾਬਾ ਬੰਦਾ ਸਿੰਘ ਜੀ ਨੇ ਉਡਣਾ ਛੱਡ ਦਿੱਤਾ। ਉਹ ਮਰ ਗਏ, ਅਤੇ ਆਪਣਾ ਪ੍ਰਣ ਨਹੀਂ ਛੱਡਿਆ।

ਕੇਸਰ ਸਿੰਘ ਛਿੱਬਰ ਵੀ ਇਹ ਯਕੀਨ ਕਰਦਾ ਹੈ ਕਿ ਬਾਬਾ ਜੀ ਨੇ ਜਾਣ-ਬੁੱਝ ਕੇ ਆਪਣੀ ਗ੍ਰਿਫ਼ਤਾਰੀ ਦਿੱਤੀ: -

> ਤਿਸ ਨੂੰ ਕਉਣ ਪਕੜ ਸਕੇ, ਉਹੁ ਚਾਹੇ ਤਾਂ ਉਡ ਜਾਏ।[੫੨]
> ਤਿਨ ਜਾਣਿ ਕੇ ਅਪਣਾ ਆਪ ਦਿੱਤਾ ਪਕੜਾਏ।੫੬।
>
> ਬਹੁਤ ਸਿੱਖ ਪਕੜੇ ਦਿੱਲੀ ਲੈ ਗਏ।
> ਸਤਿ ਸੈ ਗਾਡਾਂ ਸਿਰਾਂ ਨਾਲਿ ਭਰ ਲੈ ਗਏ।
> ਦਿੱਲੀ ਅਤੇ ਲਾਹੌਰ ਦੇ ਰਾਹ ਵਿਚਿ ਸਿੱਖਾਂ ਦੇ ਸਿਰਾਂ ਦੇ ਬਣੇ ਮੁਨਾਰੇ।
> ਇਤਨੇ ਸਿੱਖ ਤੁਰਕਾਂ ਆਹੇ ਮਾਰੇ।੫੭।

## ਸ਼ਹੀਦੀ

ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਲੱਗਭੱਗ ੭੦੦ ਸਿੰਘਾਂ ਸਮੇਤ ਦਿੱਲੀ ਲਿਆਉਂਦਾ ਗਿਆ। ਲੱਗਭੱਗ ਛੇ ਮਹੀਨੇ ਤਕ ਬਾਬਾ ਜੀ ਨੂੰ ਸਖ਼ਤ ਤਸੀਹੇ ਦਿੱਤੇ ਗਏ। ਹੋਰਨਾਂ ਸਿੰਘਾਂ ਨੂੰ ਵੀ ਤਸੀਹੇ ਝੱਲਣੇ ਪਏ। ਮੁਗ਼ਲ ਸਰਕਾਰ ਉਨ੍ਹਾਂ ਤੋਂ ਇਹ ਜਾਣਨਾ

---

[੫੨] ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਕੁੱਲੂ ਦੇ ਰਾਜੇ ਦੀ ਕੈਦ ਵਿੱਚੋਂ ਬਾਬਾ ਬੰਦਾ ਸਿੰਘ ਬਹਾਦੁਰ ਜੀ ਦਾ ਪਿੰਜਰੇ ਸਮੇਤ ਉੱਡ ਜਾਣਾ ਲਿੱਖਿਆ ਹੈ।

ਚਾਹੁੰਦੀ ਸੀ ਕਿ ਸਿੰਘਾਂ ਦੇ ਗੁਪਤ ਖ਼ਜ਼ਾਨੇ ਕਿੱਥੇ ਹਨ, ਪਰ ਕਿਸੇ ਵੀ ਸਿੰਘ ਨੇ ਉਨ੍ਹਾਂ ਨੂੰ ਖ਼ਜ਼ਾਨੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਸਿੰਘਾਂ ਨੂੰ ਇਸਲਾਮ ਅਪਨਾਉਣ ਲਈ ਕਿਹਾ ਗਿਆ, ਪਰ ਸਭ ਨੇ ਇਨਕਾਰ ਕਰ ਦਿੱਤਾ। ਅੰਤ, ਹਰ ਰੋਜ਼ ਥੋੜੇ-ਥੋੜੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਣ ਲੱਗਾ। ਪ੍ਰਸਿੱਧ ਬੰਦਈ ਭਾਈ ਬਾਜ਼ ਸਿੰਘ ਜੀ ਤੇ ਭਾਈ ਆਲੀ ਸਿੰਘ ਜੀ ਵੀ ਇਨ੍ਹਾਂ ਸ਼ਹੀਦ ਹੋਣ ਵਾਲੇ ਸਿੰਘਾਂ ਵਿੱਚ ਸ਼ਾਮਿਲ ਸਨ। ਬਾਬਾ ਬੰਦਾ ਸਿੰਘ ਬਹਾਦੁਰ ਜੀ ਨਾਲ ਗ੍ਰਿਫ਼ਤਾਰ ਕੀਤੇ ਗਏ ਸਾਰੇ ਬੰਦਈ ਦਿੱਲੀ ਵਿੱਚ ਅਤਿਅੰਤ ਕਸ਼ਟ ਸਹਾਰਦੇ ਹੋਏ ਸ਼ਹੀਦ ਹੋ ਗਏ। ਕਿਸੇ ਇੱਕ ਵੀ ਸਿੰਘ ਨੇ ਧਰਮ ਤੋਂ ਮੂੰਹ ਨਹੀਂ ਮੋੜਿਆ।

ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

> ਬੰਦੇ ਨਾਲ ਜਬਾਬ ਸੁਆਲ ਫ਼ਰੁਖ਼ਸਿਯਰ ਹੈਸੀ ਕੀਤਾ।
> ਤਿਨ ਪੁੱਛੀ ਕਰਾਮਾਤ, ਬੰਦੇ ਕਹਿਆ, "ਜੈਸਾ ਕੀਤਾ ਤੈਸਾ ਲੀਤਾ।"
> ਜੈਸਾ ਤੂ ਕਰੇਂਗਾ, ਤੈਸਾ ਤੂ ਭੀ ਪਾਵੈਂਗਾ ਸੋਈ।
> ਬੰਦੇ ਸਾਹਿਬ ਸੀਸੁ ਦਿੱਤਾ, ਧਰਮ ਰਖਿ ਲੀਤੋਈ।੬੦।

ਮੁਗ਼ਲਾਂ ਨੇ ਬਾਬਾ ਜੀ ਨੂੰ ਇਸਲਾਮ ਮਜ਼ਹਬ ਅਪਨਾਉਣ ਵਾਸਤੇ ਕਿਹਾ, ਜਿਸ ਨੂੰ ਬਾਬਾ ਜੀ ਨੇ ਨਾਮਨਜ਼ੂਰ ਕਰ ਦਿੱਤਾ। ਬਾਬਾ ਜੀ ਦਾ ਛੋਟਾ ਜਿਹਾ ਸਪੁੱਤਰ ਵੀ ਬਾਬਾ ਜੀ ਨਾਲ ਹੀ ਗੁਰਦਾਸਪੁਰ ਤੋਂ ਮੁਗ਼ਲਾਂ ਦੀ ਕੈਦ ਵਿੱਚ ਆ ਗਿਆ। ਇਹ ਬੱਚਾ ਬਹੁਤ ਹੀ ਖ਼ੂਬਸੂਰਤ ਸੀ। ਮੁਗ਼ਲਾਂ ਨੇ ਬਾਬਾ ਜੀ ਨੂੰ ਕਿਹਾ ਕਿ ਉਹ ਆਪਣੇ ਹੱਥਾਂ ਨਾਲ ਆਪਣੇ ਪੁੱਤਰ ਨੂੰ ਕਤਲ ਕਰਨ। ਜਦੋਂ ਬਾਬਾ ਜੀ ਨੇ ਅਜਿਹਾ ਨਾ ਕੀਤਾ, ਤਾਂ ਇਸ ਪਿਆਰੇ ਜਿਹੇ ਬੱਚੇ ਨੂੰ ਬਾਬਾ ਜੀ ਸਾਹਮਣੇ ਹੀ ਕਤਲ ਕਰ ਕੇ ਉਸ ਦੀ ਫੜਕਦੀ ਕਲੇਜੀ ਬਾਬਾ ਜੀ ਦੇ ਮੂੰਹ ਵਿੱਚ ਪਾ ਦਿੱਤੀ ਗਈ। ਪਿਆਰੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਗੁਰਸਿੱਖ ਬਾਬਾ ਬੰਦਾ ਸਿੰਘ ਜੀ ਨੇ ਇਹ ਭਾਣਾ ਮਿੱਠਾ ਕਰ ਕੇ ਮੰਨਿਆ ਤੇ ਸ਼ਾਂਤ ਰਹੇ।

ਜੱਲਾਦਾਂ ਨੇ ਜੰਬੂਰਾਂ ਨੂੰ ਅੱਗ ਵਿੱਚ ਤਪਾ-ਤਪਾ ਕੇ ਬਾਬਾ ਜੀ ਦਾ ਮਾਸ ਨੋਚਣਾ ਸ਼ੁਰੂ ਕੀਤਾ, ਪਰ ਫਿਰ ਵੀ ਬਾਬਾ ਜੀ ਨੇ ਦੁੱਖ ਦਾ ਪ੍ਰਗਟਾਵਾ ਨਾ ਕੀਤਾ। ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਪੁੱਛਿਆ ਗਿਆ, "ਤੂੰ ਅਜੇਹਾ ਗਿਆਨੀ ਤੇ ਅਜ਼ਮਤੀ ਹੋਕੇ ਅਜੇਹੇ ਕਸ਼ਟ ਕਿਉਂ ਸਹਾਰਦਾ ਹੈਂ? ਗ਼ਾਇਬ ਹੋ ਜਾ"।

ਬਾਬਾ ਜੀ ਨੇ ਉੱਤਰ ਦਿੱਤਾ, "ਗ਼ਾਇਬ ਹੋਣਾ ਕੁੱਝ ਔਖਾ ਨਹੀਂ, ਪਰ ਜੋ ਮੈਂ ਆਪਣੇ ਗੁਰੂ ਦੇ ਹੁਕਮ ਤੋਂ ਵਧ ਕੇ ਕੰਮ ਕੀਤੇ ਹਨ, ਓਨਾਂ ਦਾ ਫਲ ਫੇਰ ਦੇਹ ਧਾਰ ਕੇ ਭੋਗਣ ਨਾਲੋਂ ਹੁਣੇ ਭੋਗ ਲੈਣਾ ਚੰਗਾ ਸਮਝਦਾ ਹਾਂ, ਏਸ ਕਰਕੇ ਖ਼ੁਸ਼ੀ ਨਾਲ ਭੁਗਤਦਾ ਹਾਂ, ਕਿਸੇ ਦੇ ਭੋਗਾਏ ਕਸ਼ਟ ਨਹੀਂ ਭੋਗਦਾ।" (ਦੇਖੋ, 'ਤਵਾਰੀਖ਼ ਗੁਰੂ ਖ਼ਾਲਸਾ')।

ਅਸਲ ਵਿੱਚ, ਆਪਣੀ ਅਗਵਾਈ ਥੱਲੇ ਹੋਈਆਂ ਸਭ ਕਾਰਵਾਈਆਂ ਦੀ ਨੈਤਿਕ ਜ਼ਿੰਮੇਵਾਰੀ ਬਾਬਾ ਜੀ ਆਪਣੇ ਸਿਰ ਲੈ ਰਹੇ ਸਨ।

ਪੁਸਤਕ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਗਿਆਨੀ ਗਿਆਨ ਸਿੰਘ ਲਿੱਖਦੇ ਹਨ: -

> ਬਾਦਸ਼ਾਹ ਨੇ ਜੰਬੂਰਾਂ ਨਾਲ ਰੋਜ਼ ਥੋੜਾ-੨ ਮਾਸ ਤੋੜਨ ਦਾ ਹੁਕਮ ਦੇ ਦਿੱਤਾ, ਜਦ ਦੋ ਦਿਨ ਪਿੰਨੀਆਂ ਪੱਟਾਂ ਦਾ ਮਾਸ ਤੋੜਿਆ ਤੇ ਬੰਦੇ ਨੇ ਜ਼ਰਾ ਪੀੜ ਨਾ ਮੰਨੀ ਤੇ ਅਡੋਲ

> ਬੈਠਾ ਰਿਹਾ, ਤਾਂ ਏਹ ਹਾਲ ਨਜਬੁਲ ਦੌਲਾ ਵਜ਼ੀਰ ਆਜ਼ਮ ਦੇਖ ਕੇ ਹੈਰਾਨ ਹੋਕਰ ਬੰਦੇ ਨੂੰ ਪੁੱਛਣ ਲਗਾ, "ਤੂੰ ਪੀੜ ਕਿਉਂ ਨਹੀਂ ਮੰਨਦਾ? ਜੋ ਕਿਸੇ ਨੂੰ ਇਕ ਕੰਡਾ ਚੁਭਦਾ ਹੈ ਯਾ ਜ਼ਰਾ ਕੁ ਜ਼ਖ਼ਮ ਲਗਦਾ ਹੈ, ਤਾਂ ਪੀੜ ਸਹਾਰੀ ਨਹੀਂ ਜਾਂਦੀ, ਆਦਮੀ ਬਜਾਕੁਲ ਹੋ ਜਾਂਦਾ ਹੈ, ਜਦ ਚੂੰਢੀ ਵਢੀ ਸਹਾਰਨੀ ਔਖੀ ਹੈ, ਤੇਰਾ ਮਾਸ ਨੋਚਿਆ ਜਾਂਦਾ ਹੈ ਫੇਰ ਤੂੰ ਐਡੇ ਧੀਰਜ ਨਾਲ ਪ੍ਰਸੰਨ ਬਦਨ ਬੈਠਾ ਮਾਸ ਤੁੜਾ ਰਿਹਾ ਹੈਂ ਚਿਹਰੇ ਪਰ ਬੀ ਪਰਸੀਨਾ ਨਹੀਂ ਆਯਾ ਤੇ ਨਾ ਤੈਂ ਨੱਕ ਵਟਿਆ ਨਾ ਤੈਂ ਸੀ ਕੀਤੀ ਏਹ ਕੀ ਕਾਰਨ ਹੈ ਸਚ ਕਹੁ ਤੈਨੂੰ ਪੀੜਾ ਕਿਉਂ ਨਹੀਂ ਬਜਾਪੀ?" ਬੰਦੇ ਨੇ ਆਖਿਆ, "ਏਹ ਸੱਚੇ ਬ੍ਰਹਮਗਿਆਨ ਤੇ ਸੂਰਬੀਰ ਬਣਨੇ ਦਾ ਫਲ ਹੈ, ਦੁਖ ਸੁਖ ਮੰਨਣਾ ਮਨ ਦਾ ਧਰਮ ਹੈ, ਸੋ ਮੈਂ ਆਪਣੇ ਮਨ ਨੂੰ ਮਾਰ ਛਡਿਆ ਹੈ, ਕਿਉਂਕਿ ਮੈਂ ਜੀਉਂਦਾ ਹੀ ਮਰ ਰਿਹਾ ਹਾਂ ਏਸ ਦੇਹ ਤੇ ਮਨ ਤੋਂ ਰੂਹ ਆਤਮਾ ਵਖਰਾ ਹੋ ਕੇ ਇਨ੍ਹਾਂ ਤੋਂ ਬਾਂਛਤ ਕੰਮ ਲੈਂਦਾ ਹੈ। ਜਿਕੂੰ ਕੋਠੇ ਨੂੰ ਕੋਈ ਖੁਣਦਾ ਹੋਵੇ, ਤਾਂ ਕੋਠੇ ਵਿਚ ਬੈਠਣ ਵਾਲਾ ਰਖਵਾਲੀ ਤਾਂ ਕਰਦਾ ਹੈ, ਪਰ ਪੀੜਾ ਨਹੀਂ ਹੁੰਦੀ, ਜਦ ਕੋਠੇ ਵਾਲਾ ਬਚਾ ਨਹੀਂ ਸਕਦਾ ਹੈ, ਤਾ ਛਡ ਕੇ ਕਨਾਰੇ ਹੋ ਜਾਂਦਾ ਹੈ। ਏਸੇ ਭਾਂਤ ਮੈਂ ਹੁਣ ਏਹ ਦੇਹ ਕੋਠੇ ਨੂੰ ਰਖ ਨਹੀਂ ਸਕਦਾ, ਛਡਣੇ ਨੂੰ ਤਿਆਰ ਹਾਂ, ਮਮਤਾ ਨੂੰ ਦੁਖ ਹੈ, ਹੁਣ ਮੈਂ ਏਸ ਕੋਠੇ ਦੀ ਮਮਤਾਮੇਰ ਛੱਡ ਰੱਖੀ ਹੈ, ਏਸ ਕਰਕੇ ਮੈਨੂੰ ਕਸ਼ਟ ਨਹੀਂ"।

ਬਾਦਸ਼ਾਹ ਫ਼ਰੁਖ਼ਸੀਅਰ ਨੇ ਆਪਣੇ ਵਜ਼ੀਰ ਨੂੰ ਭੇਜ ਕੇ ਬਾਬਾ ਬੰਦਾ ਸਿੰਘ ਜੀ ਤੋਂ ਪੁੱਛਵਾਇਆ, "ਤੂੰ ਕਿਸ ਮੌਤ ਮਰਨਾ ਚਾਹੁੰਦਾ ਹੈਂ?"

ਬਾਬਾ ਜੀ ਨੇ ਜਵਾਬ ਭਿਜਵਾਇਆ, "ਜਿਸ ਮੌਤ ਬਾਦਸ਼ਾਹ ਮਰਨਾ ਚਾਹੁੰਦਾ ਹੈ, ਉਸੇ ਮੌਤ ਮੈਂਨੂੰ ਮਰਵਾ ਦਏ"।

ਤੈਸ਼ ਵਿੱਚ ਆਏ ਬਾਦਸ਼ਾਹ ਨੇ ਬਾਬਾ ਜੀ ਨੂੰ ਅੰਨ੍ਹਾ ਕਰਨ ਦਾ ਹੁਕਮ ਦਿੱਤਾ। ਜੱਲਾਦਾਂ ਨੇ ਗਰਮ ਸਲਾਖਾਂ ਬਾਬਾ ਜੀ ਦੀਆਂ ਅੱਖਾਂ ਵਿੱਚ ਫੇਰ ਕੇ ਬਾਬਾ ਜੀ ਨੂੰ ਅੰਨ੍ਹਾ ਕਰ ਦਿੱਤਾ। ਫਿਰ, ਬਾਦਸ਼ਾਹ ਦੇ ਹੁਕਮ ਨਾਲ ਬਾਬਾ ਜੀ ਨੂੰ ਹਾਥੀ[੫੩] ਦੇ ਪੈਰਾਂ ਨਾਲ ਬੰਨ੍ਹ ਕੇ ਸੜਕਾਂ 'ਤੇ ਘਸੀਟਿਆ ਗਿਆ।

ਗੁਰੂ ਦੇ ਹੁਕਮ ਦੀ ਪਾਲਣਾ ਕਰਦਿਆਂ ਇਹ ਗੁਰੂ-ਦੁਲਾਰਾ 'ਗੁਰੂ ਕਾ ਬੰਦਾ' ਸੰਨ ੧੭੧੬ ਈਸਵੀ ਵਿੱਚ ਦਿੱਲੀ ਵਿੱਚ ਸ਼ਹੀਦ ਹੋ ਕੇ ਅਮਰ ਹੋ ਗਿਆ। ਅਜਿਹੇ ਸਿਦਕੀ ਗੁਰਸਿੱਖ ਦੀ ਲੋੜ ਹਮੇਸ਼ਾ ਹੀ ਮਹਿਸੂਸ ਕੀਤੀ ਜਾਂਦੀ ਹੈ। ਸ਼ਾਇਦ, ਇਹ ਹੀ ਕਾਰਣ ਸੀ ਕਿ ਬਾਬਾ ਜੀ ਦੇ ਮੁੜ ਜੀਵਿਤ ਹੋ ਜਾਣ ਦੀ ਕਥਾ ਪ੍ਰਚੱਲਿਤ ਹੋ ਗਈ। ਕੇਸਰ ਸਿੰਘ ਛਿੱਬਰ ਵੀ ਲਿੱਖਦਾ ਹੈ: -

> ਬੰਦੇ ਜੀ ਸੀਸੁ ਦਿੱਲੀ ਵਿੱਚਿ ਲਾਇਆ।[੫੪]
> ਉਥੇ ਦਿਤਾ ਸੀਸੁ, ਉਹਾ ਜੇਹੀ ਦੇਹੀ ਫੇਰ ਧਰਿ
> ਕੁੱਲੂ ਦੇ ਰਾਜ ਵਿਚਿ ਫੇਰ ਆਇਆ।੬੩।
>
> ਬਾਈ ਬਰਸ ਸੁਕੇਤ ਮੰਡੀ ਵਿਚਿ ਰਹਿਆ।

---

[੫੩] ਘੋੜਾ ਵੀ ਲਿੱਖਿਆ ਮਿਲਦਾ ਹੈ।

[੫੪] ਭਾਵ, ਦਿੱਲੀ ਵਿਖੇ ਸ਼ਹੀਦ ਹੋ ਗਏ।

ਉਹੁ ਹੈਸੀ ਚਿਰੰਜੀਤ[੫੫] ਕੋਈ ਮਰੁ ਨਹੀਂ ਗਿਆ ।
ਸਾਢੇ ਨਉਂ ਬਰਸ ਬੰਦੇ ਰਾਜੁ ਕਮਾਇਆ ।੬੪।

ਹੁਣ ਕਿਧਰੇ ਉਹੁ ਚਿਰੰਜੀਤ ਹੈ ਰਹਿਆ ।
ਜੇਹਾ ਚਾਹੇ, ਤੇਹਾ ਕਲੇਵਰ ਪਹਿਰ ਹੈ ਲਹਿਆ ।
ਬੰਦੇ ਸਾਹਿਬ ਦੀ ਹਕੀਕਤਿ ਜਿਤਨੀ ਕੁਛ ਸੁਨ ਪਾਈ ।[੫੬]
ਸਿੰਘ ਕੇਸਰ ਛਿੱਬਰ ਨਾਤੀ ਧਰਮ ਚੰਦੇ ਦੇ ਆਖ ਸੁਨਾਈ ।੬੫।

ਬਾਬਾ ਬੰਦਾ ਸਿੰਘ ਬਹਾਦੁਰ ਜੀ ਦਿੱਲੀ ਵਿੱਚ ਸ਼ਹੀਦ ਹੋ ਗਏ ਸਨ । ਉਨ੍ਹਾਂ ਦਾ ਉਥੋਂ ਬੱਚ ਕੇ ਆਉਣਾ ਇਤਿਹਾਸਿਕ ਪੱਖ ਤੋਂ ਬਿਲਕੁਲ ਗ਼ਲਤ ਹੈ । ਕੇਸਰ ਸਿੰਘ ਛਿੱਬਰ ਇਹ ਨਹੀਂ ਕਹਿ ਰਿਹਾ ਕਿ ਬਾਬਾ ਜੀ ਉਥੇ ਸ਼ਹੀਦ ਨਹੀਂ ਹੋਏ, ਬਲਕਿ ਉਹ ਤਾਂ ਇਹ ਕਹਿ ਰਿਹਾ ਹੈ ਕਿ ਸ਼ਹੀਦ ਹੋਣ ਤੋਂ ਮਗਰੋਂ ਉਹ ਪਹਿਲੇ ਜਿਹਾ ਸ਼ਰੀਰ ਧਾਰ ਕੇ ਕੁੱਲੂ ਰਾਜ ਵਿੱਚ ਆ ਗਏ । ਕੇਸਰ ਸਿੰਘ ਛਿੱਬਰ ਨੇ ਆਪਣੀ ਇਹ ਪੁਸਤਕ ੧੭੬੯ ਈਸਵੀ ਵਿੱਚ ਲਿੱਖੀ । ਕੇਸਰ ਸਿੰਘ ਛਿੱਬਰ ਦੇ ਵਿਸ਼ਵਾਸ਼ ਅਨੁਸਾਰ ਬਾਬਾ ਬੰਦਾ ਸਿੰਘ ਜੀ ਉਸ ਵਕਤ ਵੀ ਕਿਸੀ ਗੁਪਤ ਜਗ੍ਹਾ 'ਤੇ ਜੀਊਂਦੇ ਸਨ । ਉਹ ਲਿੱਖਦਾ ਹੈ, "**ਹੁਣ ਕਿਧਰੇ ਉਹੁ ਚਿਰੰਜੀਤ ਹੈ ਰਹਿਆ । ਜੇਹਾ ਚਾਹੇ, ਤੇਹਾ ਕਲੇਵਰ ਪਹਿਰ ਹੈ ਲਹਿਆ**" ।

ਬਾਅਦ ਦੇ ਬੰਦਈ ਸਿੱਖਾਂ ਨੇ ਕਹਾਣੀ ਘੜ ਲਈ ਕਿ ਬਾਬਾ ਬੰਦਾ ਸਿੰਘ ਬਹਾਦੁਰ ਜੀ ਦਿੱਲੀ ਵਿਖੇ ਸ਼ਹੀਦ ਨਹੀਂ ਹੋਏ ਸਨ ਤੇ ਉਹ ਉਥੋਂ ਬੱਚ ਕੇ ਕਸ਼ਮੀਰ ਵਿੱਚ ਨਿਵਾਸ ਕਰਦੇ ਰਹੇ ਤੇ ਸੰਮਤ ੧੭੯੩ ਬਿਕਰਮੀ (ਸੰਨ ੧੭੩੬ ਈਸਵੀ) ਵਿੱਚ ਸੱਚਖੰਡ ਗਮਨ ਕਰ ਗਏ । ਦੂਜੇ ਪਾਸੇ, ਕੇਸਰ ਸਿੰਘ ਛਿੱਬਰ ਬਾਬਾ ਜੀ ਨੂੰ ਚਿਰੰਜੀਵ ਮੰਨਦਾ ਹੈ ਤੇ ਵਿਸ਼ਵਾਸ਼ ਕਰਦਾ ਹੈ ਕਿ ਬਾਬਾ ਜੀ ਗੁਪਤ ਰੂਪ ਵਿੱਚ ੧੭੬੯ ਈਸਵੀ ਵਿੱਚ ਵੀ ਜੀਵਿਤ ਸਨ । ਸਪਸ਼ਟ ਹੈ ਕਿ ਕੇਸਰ ਸਿੰਘ ਛਿੱਬਰ ਦਾ ਭਾਵ ਉਹ ਨਹੀਂ, ਜੋ ਬਾਅਦ ਦੇ ਬੰਦਈਆਂ ਦਾ ਹੈ ।

## ਫ਼ਰੁਖ਼ਸੀਅਰ ਦੀ ਮੌਤ

ਜਿਵੇਂ ਕਿ ਉਪੱਰ ਜ਼ਿਕਰ ਕੀਤਾ ਗਿਆ ਹੈ, ਬਾਦਸ਼ਾਹ ਫ਼ਰੁਖ਼ਸੀਅਰ ਨੇ ਆਪਣੇ ਵਜ਼ੀਰ ਨੂੰ ਭੇਜ ਕੇ ਬਾਬਾ ਬੰਦਾ ਸਿੰਘ ਜੀ ਤੋਂ ਪੁੱਛਵਾਇਆ ਸੀ, "ਤੂੰ ਕਿਸ ਮੌਤ ਮਰਨਾ ਚਾਹੁੰਦਾ ਹੈਂ?"

ਬਾਬਾ ਜੀ ਨੇ ਜਵਾਬ ਭਿਜਵਾਇਆ, "ਜਿਸ ਮੌਤ ਬਾਦਸ਼ਾਹ ਮਰਨਾ ਚਾਹੁੰਦਾ ਹੈ, ਉਸੇ ਮੌਤ ਮੈਂਨੂੰ ਮਰਵਾ ਦਏ" ।

ਕੇਸਰ ਸਿੰਘ ਛਿੱਬਰ ਲਿੱਖਦਾ ਹੈ: -

---

[੫੫] ਚਿਰੰਜੀਵ, ਚਿਰਜੀਵੀ, ਲੰਬੀ ਉਮਰ ਜੀਊਣ ਵਾਲਾ । ਪੁਰਾਣਿਕ ਵਿਸ਼ਵਾਸ਼ ਅਨੁਸਾਰ ਚਿਰੰਜੀਵ ਉਹ ਹਨ, ਜੋ ਸ੍ਰਿਸ਼ਟੀ ਦੇ ਅੰਤ ਤਕ ਜੀਊਂਦੇ ਰਹਿੰਦੇ ਹਨ ।

[੫੬] ਗਿਆਨੀ ਗਿਆਨ ਸਿੰਘ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਜੀ ਬਾਰੇ ਲਿੱਖਦੇ ਹਨ, "**ਬੰਦਾ ਪਤਲਾ, ਕਣਕ ਵੰਨਾ ਗੋਲ ਚਿਹਰਾ, ਬਾਘ ਮੁਖ ਭੂਰੇ ਕੇਸ, ਪੈਰਾਂ ਤੋਂ ਸਿਰ ਤਕ ਪੇਹੇ ਵਰਗਾ ਸੁੰਦਰ ਜਵਾਨ, ਲੰਬਾ ਹਜ਼ਾਰਾਂ ਵਿੱਚੋਂ ਉੱਚਾ ਸੀ, ਘੋੜੇ ਦਾ ਸਵਾਰ, ਤੀਰ ਤਲਵਾਰ ਦਾ ਚਲਵੱਯਾ, ਕਰੜਾ ਸ੍ਰੀਰ ਮੁਨਸਫ਼ ਮਜਾਜ਼ ਨਿਰਭੈ ਜੋਗੀ ਰਾਜ, ਹਰ ਪ੍ਰਕਾਰ ਦੀ ਵਿਦਯਾ ਰਸਾਇਣ ਵਗੈਰਾ ਬੂਟੀਆਂ ਦੇ ਗੁਣ ਗਿਆਤਾ, ਮਿਸਮਰੇਜ਼ਮ ਜਿਸ ਨੂੰ ਜਾਦੂ ਹੁਨਰ ਆਖਿਆ ਜਾਂਦਾ ਹੈ, ਓਸ ਦੇ ਜਾਣਨ ਵਾਲਾ, ਪੂਰਾ ਪੁਰਖ, ਕਿਆਸ ਐਸਾ ਅਧਕ ਰਖਦਾ ਸੀ ਹੋਣ ਵਾਲੀ ਬਾਤ ਅਗੇ ਹੀ ਦਸ ਛਡਦਾ** ।

ਫ਼ਰੁਖ਼ਸਿਯਰ ਸੱਯਦਾਂ ਕੁਮਉਤੇ ਮਾਰਿਆ ।
ਜਿਨ ਬੰਦੇ ਜੀ ਦਾ ਕਲੇਵਰੁ ਆਹਾ ਟਾਰਿਆ ।
ਕੀਤੇ ਦਾ ਫਲੁ ਸਭ ਕੋਈ ਪਾਏ ।
ਭਲੇ ਬੁਰੇ ਜੇਹੇ ਕਰਮੁ ਕਮਾਏ ।੬੬।

ਅਬਦੁੱਲਾ ਖ਼ਾਨ ਅਤੇ ਹਸਨ ਅਲੀ ਖ਼ਾਨ ਨੂੰ ਭਾਰਤੀ ਇਤਿਹਾਸ ਦੀਆਂ ਕਿਤਾਬਾਂ ਵਿੱਚ ਸੱਯਦ ਭਰਾ ਆਖਿਆ ਗਿਆ ਹੈ, ਕਿਉਂਕਿ ਇਹ ਦੋਵੇਂ ਆਪਸ ਵਿੱਚ ਸੱਕੇ ਭਰਾ ਲੱਗਦੇ ਸਨ। ਫ਼ਰੁਖ਼ਸੀਅਰ ਨੂੰ ਬਾਦਸ਼ਾਹ ਬਣਾਉਣ ਵਿੱਚ ਇਨ੍ਹਾਂ ਦਾ ਬਹੁਤ ਵੱਡਾ ਹੱਥ ਸੀ। ਪਰ ਜਦੋਂ ਫ਼ਰੁਖ਼ਸੀਅਰ ਨੇ ਮਹਿਸੂਸ ਕੀਤਾ ਕਿ ਸੱਯਦ ਭਰਾ ਬਹੁਤ ਸ਼ਕਤੀਸ਼ਾਲੀ ਹੋ ਗਏ ਹਨ, ਤਾਂ ਉਸ ਨੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਸੋਚੀ। ਉਸ ਨੇ ਇਨ੍ਹਾਂ ਨੂੰ ਰਾਹ ਵਿੱਚੋਂ ਹਟਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ, ਪਰ ਸਫਲ ਨਾ ਹੋ ਸਕਿਆ।

ਫ਼ਰੁਖ਼ਸੀਅਰ ਵੱਲੋਂ ਕੀਤੀਆਂ ਜਾ ਰਹੀਆਂ ਸਾਜ਼ਿਸ਼ਾਂ ਤੋਂ ਤੰਗ ਆ ਕੇ ਸੱਯਦ ਭਰਾਵਾਂ ਨੇ ਫ਼ਰੁਖ਼ਸੀਅਰ ਨੂੰ ਹੀ ਕੈਦ ਕਰ ਲਿਆ ਤੇ ਉਸ ਦੇ ਪੁੱਤਰ ਰਫ਼ੀ-ਉਦ-ਦਰਜਾਤ ਨੂੰ ਰਾਜਗੱਦੀ 'ਤੇ ਬਿਠਾ ਦਿੱਤਾ। ਸੱਯਦ ਭਰਾਵਾਂ ਨੇ ਫ਼ਰੁਖ਼ਸੀਅਰ ਦੀਆਂ ਅੱਖਾਂ ਕਢਵਾ ਕੇ ਉਸ ਨੂੰ ਅੰਨ੍ਹਾ ਕਰਾ ਦਿੱਤਾ।

ਕੈਦ ਵਿੱਚ ਹੀ ਅੰਨ੍ਹੇ ਫ਼ਰੁਖ਼ਸੀਅਰ ਨੇ ਘੋੜੀ ਦੀ ਸਵਾਰੀ ਕਰਨ ਦੀ ਇੱਛਾ ਪ੍ਰਗਟਾਈ। ਨੌਕਰਾਂ ਦੀ ਮਦਦ ਨਾਲ ਉਹ ਘੋੜੀ 'ਤੇ ਸਵਾਰ ਹੋਇਆ। ਕਿਸੇ ਕਾਰਣ ਘੋੜੀ ਤ੍ਰਭਕ ਕੇ ਭੱਜ ਪਈ। ਫ਼ਰੁਖ਼ਸੀਅਰ ਦਾ ਇੱਕ ਪੈਰ ਘੋੜੀ ਦੀ ਰਕਾਬ ਵਿੱਚ ਹੀ ਫੱਸਿਆ ਰਹਿ ਗਿਆ। ਘੋੜੀ ਦੌੜਦੀ ਰਹੀ ਤੇ ਰਕਾਬ ਵਿੱਚ ਪੈਰ ਫੱਸਿਆ ਹੋਣ ਕਾਰਣ ਫ਼ਰੁਖ਼ਸੀਅਰ ਵੀ ਨਾਲ ਹੀ ਘਸੀਟਿਆ ਜਾਂਦਾ ਰਿਹਾ। ਇਸੇ ਘਸੀਟ ਵਿੱਚ ਉਸ ਦੀ ਮੌਤ ਹੋਈ।

ਫ਼ਰੁਖ਼ਸੀਅਰ ਨੇ ਜਿਸ ਢੰਗ ਨਾਲ ਬਾਬਾ ਬੰਦਾ ਸਿੰਘ ਬਹਾਦੁਰ ਜੀ ਨੂੰ ਸ਼ਹੀਦ ਕਰਵਾਇਆ, ਉਸੇ ਢੰਗ ਨਾਲ ਉਹ ਖ਼ੁਦ ਵੀ ਮੌਤ ਦੇ ਮੂੰਹ ਵਿੱਚ ਜਾ ਪਿਆ। ਬਾਬਾ ਬੰਦਾ ਸਿੰਘ ਜੀ ਦੇ ਵਚਨ ਪੂਰੇ ਹੋਏ।

◈◈◈◈◈

## ਪੁਸਤਕ ਸੂਚੀ


੧. 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ', ਕ੍ਰਿਤ: ਭਾਈ ਕੇਸਰ ਸਿੰਘ ਛਿੱਬਰ।
੨. 'ਪ੍ਰਾਚੀਨ ਪੰਥ ਪ੍ਰਕਾਸ਼', ਕ੍ਰਿਤ: ਰਤਨ ਸਿੰਘ ਭੰਗੂ।
੩. 'ਤਵਾਰੀਖ਼ ਗੁਰੂ ਖ਼ਾਲਸਾ', ਕ੍ਰਿਤ: ਗਿਆਨੀ ਗਿਆਨ ਸਿੰਘ।
੪. 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ', ਕ੍ਰਿਤ: ਭਾਈ ਸੰਤੋਖ ਸਿੰਘ।
੫. 'ਮਹਾਨ ਕੋਸ਼', ਕ੍ਰਿਤ: ਭਾਈ ਕਾਹਨ ਸਿੰਘ ਨਾਭਾ।
੬. 'ਬ੍ਰਾਹਮਣ ਸਿੱਖ ਇਤਿਹਾਸ', ਕ੍ਰਿਤ: ਜਸਵੰਤ ਸਿੰਘ ਸੂਦਨ ਤੇ ਪ੍ਰੇਮ ਸਿੰਘ ਸਾਸਨ।
੭. 'ਰਹਿਤਨਾਮੇ', ਸੰਪਾਦਕ ਪ੍ਰੋ. ਪਿਆਰਾ ਸਿੰਘ 'ਪਦਮ'।
੮. 'ਗੁਰੂ ਕੀਆਂ ਸਾਖੀਆਂ', ਕ੍ਰਿਤ: ਸ੍ਵਰੂਪ ਸਿੰਘ ਕੌਸ਼ਿਸ਼।